6-Dec-PAGE-8.qxd 12/5/2023 11:25 PM Page 2

ਬੁੱਧਵਾਰ, 6 ਦਸੰਬਰ, 2023
21 ਮੱਘਰ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 186

ਨਵਾਂ ਜ਼ਮਾਨਾ

DAILY NAWAN ZAMANA • WEDNESDAY, 6 DECEMBER 2023
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਜਨਰਲ ਮੈਨੇਜ਼ਰ 0181-5097303
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਸਮਾਚਾਰ ਵਿਭਾਗ 0181-5097306
ਸੰਪਾਦਕ 0181-5097307
ਫ਼ੈਕਸ ਇਸ਼ਤਿਹਾਰ 0181-2222409
ਫ਼ੈਕਸ ਖ਼ਬਰਾਂ 0181-2240280
E-mail : nawanzamana@gmail.com

ਕੀਮਤ/PRICE : 5.00 ਰੁਪਏ
Regd. No : Pb/JL-123/2021-23, (R.N.I.)-00068/57
www.nawanzamana.in
ਸਫ਼ੇ : 12

ਕਾਮਰੇਡ ਭਗਵਾਨ ਸਿੰਘ ਅਣਖੀ ਦੀ 32ਵੀਂ ਬਰਸੀ ਮੌਕੇ ਵਿਸ਼ੇਸ਼ ਸਪਲੀਮੈਂਟ

ਹੱਕਾਂ ਦੀ ਪ੍ਰਾਪਤੀ ਲਈ ਸਿਰੜੀ ਸੰਘਰਸ਼ ਹੀ ਕਾਮਰੇਡ ਅਣਖੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ

ਬਿਜਲੀ ਮੁਲਾਜ਼ਮ ਸਾਥੀਓ ਪੀ ਐਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਰਜਿ: ਨੰਬਰ 41 ਅੱਜ ਜਿਸ ਵਕਤ ਆਪਣੇ 32 ਸਾਲ ਪਹਿਲਾਂ ਵਿਛੋੜਾ ਦੇ ਗਏ ਸਿਰੜੀ ਅਤੇ ਸੰਘਰਸ਼ੀ ਯੋਧੇ ਕਾਮਰੇਡ ਭਗਵਾਨ ਸਿੰਘ ਅਣਖੀ ਦੀ ਨਿੱਘੀ ਯਾਦ ਵਿਚ ਅਣਖੀ ਯਾਦਗਾਰੀ ਭਵਨ ਪਟਿਆਲਾ ਵਿਖੇ 32ਵੀਂ ਬਰਸੀ ਪੂਰੇ ਜੋਸ਼-ਖਰੋਸ਼ ਅਤੇ ਉਤਸ਼ਾਹ ਨਾਲ ਮਨਾ ਰਹੀ ਹੈ, ਉਸ ਵਕਤ ਬਦਲਾਅ ਦੇ ਝੂਠੇ ਨਾਅਰੇ ਅਤੇ ਇਮਾਨਦਾਰੀ ਦਾ ਡੱਗਾ ਵਜਾ ਕੇ ਸੱਤਾ ਵਿਚ ਆਈ ਆਮ ਆਦਮੀ ਪਾਰਟੀ ਦੀ 20 ਮਹੀਨੇ ਪੁਰਾਣੀ ਭਗਵੰਤ ਸਿੰਘ ਮਾਨ ਸਰਕਾਰ ਦੇ ਚਿਹਰੇ ਦਾ ਨਕਾਬ ਪੂਰੀ ਤਰ੍ਹਾਂ ਉਤਰ ਚੁੱਕਾ ਹੈ। ਕਿਉਂਕਿ ਸਰਕਾਰ ਦੀ ਨੀਤੀ ਤੋਂ ਵੱਡੇ ਪੂੰਜੀਪਤੀਆਂ ਅਤੇ ਕਾਰਪੋਰੇਟ ਘਰਾਣਿਆਂ ਦੇ ਹਿੱਤ ਪੂਰਨ ਦੀ ਝਲਕ ਸਾਫ ਦਿਖਾਈ ਦੇ ਰਹੀ ਹੈ। ਸਰਕਾਰ ਸਮੁੱਚੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਸਮੇਤ ਵੱਖ-ਵੱਖ ਅਦਾਰਿਆਂ ਵਿਚ ਕੰਮ ਕਰਦੇ ਕੱਚੇ ਕਾਮਿਆਂ, ਮਾਣ ਭੱਤਾ ਵਰਕਰਾਂ, ਆਊਟ ਸੋਰਸ ਕਾਮਿਆਂ ਦੀ ਰੱਤ ਨਿਚੋੜ ਕੇ ਮਿਹਨਤ ਕਸ਼ ਜਮਾਤ ਦੇ ਹਿੱਸੇ ਦੀ ਪੂੰਜੀ ਧੱਕੇ ਨਾਲ ਪੂੰਜੀਪਤੀ ਘਰਾਣਿਆਂ ਦੇ ਢਿੱਡ ਭਰਨ ਲਈ ਪੱਬਾਂ ਭਾਰ ਹੋ ਕੇ ਨੀਤੀਆਂ ਘੜ ਰਹੀ ਹੈ ਜਿਸ ਤਰ੍ਹਾਂ ਪੁਰਾਣੀ ਪੈਨਸ਼ਨ ਸਕੀਮ ਵੱਟੇ ਖਾਤੇ ਪਾਕੇ ਕੰਮ ਦਿਹਾੜੀ ਸਮਾਂ 8 ਘੰਟੇ ਤੋਂ ਵਧਾ ਕੇ 12 ਘੰਟੇ ਕਰਨ, ਕੱਚੇ ਕਾਮਿਆਂ ਨੂੰ ਪੱਕੇ ਕਰਨ ਦੇ ਸਬਜ-ਬਾਗ ਵਿਖਾ ਕੇ ਅਸਲੀਅਤ ਵਿਚ ਪੂਰੀ ਸੇਵਾ ਦੌਰਾਨ ਕੱਚੇ ਰੱਖਣ ਸਮੇਤ ਤਰ੍ਹਾਂ-ਤਰ੍ਹਾਂ ਦੇ ਮੁਲਾਜ਼ਮ-ਪੈਨਸ਼ਨਰ ਵਿਰੋਧੀ ਤੁੰਗਲਕੀ ਫੁਰਮਾਨ ਜਾਰੀ ਕਰਨ, ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਜਾਮ ਕਰਨ, ਸਕੇਲਾਂ ਸਮੇਤ ਹੋਰ ਭੱਤਿਆਂ ਦੇ ਏਰੀਅਰ ਡਕਾਰ ਜਾਣ ਵਿਰੁੱਧ ਸਮੁੱਚੀ ਮੁਲਾਜ਼ਮ-ਪੈਨਸ਼ਨਰ ਲਹਿਰ ਪਿਛਲੇ ਇਕ ਸਾਲ ਤੋਂ ਵੱਧ ਸਮੇਂ ਤੋਂ ਮੁਲਾਜ਼ਮ ਤੇ ਪੈਨਸ਼ਨਰਾਂ ਦੇ ਸਾਂਝੇ ਫਰੰਟ ਦੇ ਬੈਨਰ ਹੇਠ ਸੰਘਰਸ਼ਾਂ ਦੇ ਰਾਹ 'ਤੇ ਚੱਲਣ ਲਈ ਮਜ਼ਬੂਰ ਹੈ। ਸਰਕਾਰ ਖਿਲਾਫ ਕੀਤੇ ਜਾ ਰਹੇ ਵੱਡੇ ਪ੍ਰਦਰਸ਼ਨਾਂ ਦੇ ਬਾਵਜੂਦ ਪੰਜਾਬ ਸਰਕਾਰ ਗੱਲ ਬਾਤ ਰਾਹੀਂ ਮਸਲੇ ਹੱਲ ਕਰਨ ਤੋਂ ਭੱਜ ਰਹੀ ਹੈ ਮੰਤਰੀਆਂ ਦੀ ਸਬ ਕਮੇਟੀ ਬਣਾ ਕੇ ਮਸਲਿਆਂ ਨੂੰ ਲਟਕਾ ਅਵਸਥਾ ਵਿਚ ਰੱਖ ਕੇ ਮੁੱਖ ਮੰਤਰੀ ਜਥੇਬੰਦੀਆਂ ਦੇ ਆਗੂਆਂ ਦੇ ਸਾਹਮਣੇ ਟੇਬਲ ਤੇ ਬੈਠ ਕੇ ਦਲੀਲ ਬਾਜੀ ਨਾਲ ਸਾਹਮਣਾ ਕਰਨ ਤੋਂ ਲਗਾਤਾਰ ਕੰਨੀ ਕਤਰਾ ਰਿਹਾ ਹੈ ਜਿਸ ਦੇ ਖਿਲਾਫ ਨਵੇਂ ਸਾਲ ਦੇ ਸ਼ੁਰੂ ਵਿਚ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਸੱਦੇ ਤੇ ਹਲਕਾ ਵਿਧਾਇਕਾਂ ਅਤੇ ਮੰਤਰੀਆਂ ਦੀਆਂ ਕੋਠੀਆਂ ਅੱਗੇ ਜਬਰਦਸਤ ਰੋਸ ਧਰਨੇ ਲਗਾ ਕੇ ਪ੍ਰਦਰਸ਼ਨ ਕਰਨ ਦੀਆਂ ਤਿਆਰੀਆਂ ਲਈ ਦਸੰਬਰ ਮਹੀਨੇ ਸਮੁੱਚੇ ਪੰਜਾਬ ਵਿਚ ਜ਼ਿਲ੍ਹਾ ਮੀਟਿੰਗਾਂ ਕਰਨ ਉਪਰੰਤ ਪੰਜਾਬ ਦੇ 7 ਲੱਖ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਵਾਅਦਿਆਂ ਤੋਂ ਮੁੱਕਰ ਚੁੱਕੀ ਸਰਕਾਰ ਵਿਰੁੱਧ ਵੱਡੀ ਲਾਮਬੰਦੀ ਕੀਤੀ ਜਾਵੇਗੀ।

ਗੁਰਪ੍ਰੀਤ ਸਿੰਘ ਗੰਡੀਵਿੰਡ
ਸੂਬਾ ਪ੍ਰਧਾਨ

ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤੇ ਪਾਵਰ ਮੈਨੇਜਮੈਂਟ ਵੀ ਮੁਲਾਜ਼ਮ ਮਸਲਿਆਂ ਨੂੰ ਲਗਾਤਾਰ ਲਮਕਾ ਅਵਸਥਾ ਵਿਚ ਰੱਖ ਕੇ ਬਿਜਲੀ ਕਾਮਿਆਂ ਨਾਲ ਬੇਇਨਸਾਫੀ ਕਰ ਰਹੀ ਹੈ। ਵਾਰ-ਵਾਰ ਮੀਟਿੰਗਾਂ ਵਿਚ ਸਹਿਮਤੀਆਂ ਕਰਕੇ ਮੁੱਕਰ ਜਾਣ ਦਾ ਵਰਤਾਰਾ ਜਾਰੀ ਹੈ। ਸੀ.ਆਰ.ਏ. 295/19 ਰਾਹੀ ਭਰਤੀ ਕੀਤੇ ਸਹਾਇਕ ਲਾਈਨਮੈਨਾਂ ਦੀਆਂ ਸੇਵਾਵਾਂ ਰੈਗੂਲਰ ਕਰਨ ਦੀ ਬਜਾਏ ਮਸਲੇ ਨੂੰ ਉਲਝਾ ਕੇ ਕੋਰਟ ਕੇਸ ਦੀ ਆੜ ਹੇਠ ਨੌਜਵਾਨਾਂ ਦਾ ਆਰਥਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ, ਪਾਰਟ ਟਾਈਮ ਸਵੀਪਰਾਂ, ਕਨਟਰੈਕਟ ਤੇ ਰੱਖੇ ਮੀਟਰ ਰੀਡਰਾਂ, ਬਿੱਲ ਵੰਡਕਾਂ, ਕੈਸ਼ੀਅਰ ਸਮੇਤ ਪੈਸਕੋ ਰਾਹੀਂ ਰੱਖੇ ਕਾਮਿਆਂ ਨੂੰ ਪੱਕਿਆ ਨਹੀਂ ਕੀਤਾ ਜਾ ਰਿਹਾ, ਲੋੜ ਮੁਤਾਬਿਕ ਨਵੀਂ ਰੈਗੂਲਰ ਭਰਤੀਂ ਨਹੀਂ ਕੀਤੀ ਜਾ ਰਹੀ, ਤਰਸ ਦੇ ਆਧਾਰ ਤੇ ਨਵੇਂ ਭਰਤੀ ਕੀਤੇ ਜਾ ਰਹੇ ਆਰ.ਟੀ.ਐਮ ਨੂੰ ਫੀਲਡ ਵਿਚ ਨਿਯੁਕਤ ਕਰਨ ਦੀ ਬਜਾਏ ਘਰਾਂ ਤੋਂ ਬਹੁਤ ਦੂਰ ਹਾਈਡਲ ਪ੍ਰੋਜੈਕਟਾਂ ਉਪਰ ਨਿਯੁਕਤ ਕੀਤਾ ਜਾ ਰਿਹਾ ਹੈ।

23 ਸਾਲਾ ਲਾਭ ਸਾਰੇ ਕਰਮਚਾਰੀਆਂ ਨੂੰ ਤੀਜੀ ਤਰੱਕੀ ਤੱਕ ਨਹੀਂ ਦਿੱਤਾ ਜਾ ਰਿਹਾ, ਖਾਲੀ ਅਸਾਮੀਆਂ ਨੂੰ ਖਤਮ ਕੀਤਾ ਜਾ ਰਿਹਾ ਹੈ। ਨਵੀਂ ਰੈਗੂਲਰ ਭਰਤੀ ਲੋੜ ਮੁਤਾਬਿਕ ਨਹੀਂ ਕੀਤੀ ਜਾ ਰਹੀ, ਪ੍ਰਬੇਸ਼ਨਲ ਪੀਰਡ ਅਧੀਨ ਕਾਮਿਆਂ ਦੀ ਆਰਥਿਕ ਲੁੱਟ ਬਾਦਸ਼ਤੂਰ ਜਾਰੀ ਹੈ। ਸੇਵਾ ਮੁਕਤ ਕਰਮਚਾਰੀਆਂ ਨੂੰ ਉਹਨਾਂ ਦੇ ਸੇਵਾ ਲਾਭ ਸਮੇਂ ਸਿਰ ਨਹੀਂ ਦਿੱਤੇ ਜਾ ਰਹੇ। ਸੀ ਆਰ ਏ 267/11, ਅਤੇ 281/13 ਰਾਹੀਂ ਭਰਤੀ ਕੀਤੇ ਲਾਈਨਮੈਨ ਦਾ ਪਰਖਕਾਲ ਸਮਾਂ ਰੈਗੂਲਰ ਨਹੀਂ ਕੀਤਾ ਜਾ ਰਿਹਾ ਅਤੇ 293, 294, 295 ਰਾਹੀਂ ਭਰਤੀ ਕੀਤੇ ਕਾਮਿਆਂ ਤੇ ਛੇਵਾਂ ਤਨਖਾਹ ਕਮਿਸ਼ਨ ਲਾਗੂ ਨਹੀਂ ਕੀਤਾ ਜਾ ਰਿਹਾ ਇਨ੍ਹਾਂ ਵਧੀਕੀਆਂ ਖਿਲਾਫ ਬੁਲੰਦ ਕੀਤੀ ਜਾ ਰਹੀ ਅਵਾਜ ਨੂੰ ਦੱਬਣ ਲਈ ਹਾਕਮ ਐਸਮਾ ਵਰਗੇ ਕਾਲੇ ਕਾਨੂੰਨ ਲਾਗੂ ਕਰ ਰਹੇ ਹਨ ਜਿਸ ਖਿਲਾਫ ਤਿੱਖੇ ਅਤੇ ਸਿਰੜੀ ਸੰਘਰਸ਼ ਹੀ ਕਾਮਰੇਡ ਅਣਖੀ ਅਤੇ ਹੋਰ ਵਿਛੜੇ ਆਗੂਆਂ ਨੂੰ ਸੱਚੀ ਸਰਧਾਂਜਲੀ ਹੋਵੇਗੀ।

ਕਾਮਰੇਡ ਭਗਵਾਨ ਸਿੰਘ ਅਣਖੀ
29 ਜਨਵਰੀ 1941 - 15 ਅਗਸਤ 1991

ਇਕ ਅਦਾਰਾ, ਇਕ ਯੂਨੀਅਨ ਦੇ ਧਾਰਨੀ

ਸੰਘਰਸ਼ੀ ਸਾਥੀਓ, ਮਹਾਨ ਸੰਘਰਸ਼ੀ ਯੋਧੇ ਕਾਮਰੇਡ ਭਗਵਾਨ ਸਿੰਘ ਅਣਖੀ ਦਾ ਜਨਮ 29 ਜਨਵਰੀ 1941 ਨੂੰ ਮਾਤਾ ਸ੍ਰੀਮਤੀ ਹਮੀਰ ਕੌਰ ਦੀ ਕੁੱਖੋਂ ਪਿਤਾ ਸਰਦਾਰ ਪਾਲਾ ਸਿੰਘ ਦੇ ਘਰ ਪਿੰਡ ਚਹਿਲਾਂ ਜ਼ਿਲ੍ਹਾ ਸੰਗਰੂਰ ਵਿਖੇ ਹੋਇਆ। ਕਾਮਰੇਡ ਅਣਖੀ ਦਾ ਪਾਲਣ-ਪੋਸ਼ਣ ਇਕ ਸਧਾਰਨ ਦਰਮਿਆਨੇ ਪਰਵਾਰ ਵਿੱਚ ਹੋਇਆ। ਉਨ੍ਹਾ ਮੁੱਢਲੀ ਵਿੱਦਿਆ ਹਾਸਲ ਕਰਨ ਉਪਰੰਤ ਮਹਿਕਮਾ ਪੰਜਾਬ ਰਾਜ ਬਿਜਲੀ ਬੋਰਡ ਵਿੱਚ ਬਤੌਰ ਐੱਲ.ਡੀ.ਸੀ. ਦੀ ਨੌਕਰੀ ਪ੍ਰਾਪਤ ਕਰਕੇ ਮਹਿਕਮੇ ਅੰਦਰ ਸਭ ਤੋਂ ਵੱਧ ਸੰਘਰਸ਼ਸ਼ੀਲ ਜੱਥੇਬੰਦੀ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਦੇ ਮੈਂਬਰ ਬਣਦੇ ਸਾਰ ਉਸ ਸਮੇਂ ਦੀ ਲੀਡਰਸ਼ਿਪ ਦੀ ਪਾਰਖੂ ਅੱਖ ਨੇ ਸਬ ਡਵੀਜ਼ਨ ਪੱਧਰ 'ਤੇ ਜੱਥੇਬੰਦੀ ਦੀ ਅਗਵਾਈ ਦੇ ਕੇ ਪਰਖਣ ਦੀ ਕੋਸਿਸ਼ ਕੀਤੀ, ਜਿਸ 'ਤੇ ਖਰਾ ਉਤਰਦਿਆਂ ਕਾਮਰੇਡ ਅਣਖੀ ਨੇ ਆਪਣੀ ਦੂਰ-ਅੰਦੇਸ਼ੀ ਤੇ ਤੀਖਣ ਬੁੱਧੀ ਦੇ ਮਾਲਕ ਹੋਣ ਦਾ ਪ੍ਰਮਾਣ ਦਿੰਦਿਆਂ ਸਬ ਡਵੀਜ਼ਨ ਦੇ ਪ੍ਰਧਾਨ ਬਣ ਕੇ ਅਗਵਾਈ ਕਰਦਿਆਂ ਡਵੀਜ਼ਨ ਤੋਂ ਸਿੱਧੇ ਸਟੇਟ ਦੇ ਆਗੂ ਬਣਨ ਉਪਰੰਤ ਪੰਜਾਬ ਦੇ ਤਿੰਨ ਵਾਰ ਪ੍ਰਧਾਨ ਅਤੇ ਇੱਕ ਵਾਰ ਸੂਬਾ ਜਨਰਲ ਸਕੱਤਰ ਬਣਨ ਦਾ ਮਾਣ ਪ੍ਰਾਪਤ ਕੀਤਾ। ਕਾਮਰੇਡ ਅਣਖੀ ਦੀ ਅਗਵਾਈ 'ਚ ਲੜੇ ਅਨੇਕਾਂ ਸੰਘਰਸ਼ ਅਤੇ ਹੜਤਾਲਾਂ ਵਿੱਚ 15/12/88 ਅਤੇ 09/02/89 ਦੀਆਂ ਹੜਤਾਲਾਂ ਵਿਸ਼ੇਸ਼ ਹਨ। ਇਨ੍ਹਾਂ ਨੇ 1/1/86 ਦੇ ਸਕੇਲਾਂ 'ਚ ਅਹਿਮ ਰੋਲ ਅਦਾ ਕਰਦਿਆਂ ਬਿਜਲੀ ਕਾਮਿਆਂ ਦੇ ਕਠਿਨ ਅਤੇ ਜੋਖਮ ਭਰੇ ਕੰਮ ਦੀਆਂ ਠੋਸ ਦਲੀਲਾਂ ਨਾਲ ਸਮੇਂ ਦੀ ਮੈਨੇਜਮੈਂਟ ਨੂੰ ਕਾਇਲ ਕਰਕੇ ਬਿਜਲੀ ਕਾਮਿਆਂ ਦੇ ਸਕੇਲਾਂ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਕਰਵਾ ਕੇ 22/4/89 ਦੇ ਹੋਏ ਸਮਝੌਤੇ ਤਹਿਤ 9, 16, 23 ਸਾਲਾ ਸਕੇਲ ਪ੍ਰਾਪਤ ਕਰਕੇ ਅਦਾਰੇ ਅੰਦਰ ਆਪਣੀ ਸੂਝ ਦਾ ਲੋਹਾ ਮਨਵਾਉਣ ਵਿੱਚ ਸਫਲਤਾ ਹਾਸਲ ਕਰਦਿਆਂ ਸੰਘਰਸ਼ਾਂ ਰਾਹੀਂ ਪ੍ਰਾਪਤੀਆਂ ਕਰਨ ਦਾ ਮੁੱਢ ਬੰਨ੍ਹਣ ਵਿੱਚ ਕਾਮਯਾਬੀ ਹਾਸਲ ਕੀਤੀ। ਕਾਮਰੇਡ ਅਣਖੀ ਬੇਸ਼ੱਕ ਅੱਜ ਤੋਂ 32 ਸਾਲ ਪਹਿਲਾਂ 15 ਅਗਸਤ 1991 ਨੂੰ ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਜੂਝਦਿਆਂ ਸਾਨੂੰ ਅਲਵਿਦਾ ਆਖ ਗਏ ਸਨ, ਪ੍ਰੰਤੂ ਬਿਜਲੀ ਕਰਮਚਾਰੀਆਂ ਦੇ ਮਨਾਂ ਅੰਦਰ ਅੱਜ ਵੀ ਅਭੁੱਲ ਯਾਦ ਬਣ ਕੇ ਵਸ ਰਹੇ ਹਨ। ਉਨ੍ਹਾਂ ਦੀ ਜੱਥੇਬੰਦੀ ਪੀ.ਐੱਸ.ਈ.ਬੀ. ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਸਾਥੀ ਗੁਰਪ੍ਰੀਤ ਸਿੰਘ ਗੰਡੀਵਿੰਡ ਪ੍ਰਧਾਨ ਅਤੇ ਸਾਥੀ ਸੁਰਿੰਦਰਪਾਲ ਸਿੰਘ ਲਹੌਰੀਆ ਸੂਬਾ ਜਨਰਲ ਸਕੱਤਰ ਦੀ ਅਗਵਾਈ ਹੇਠ ਉਨ੍ਹਾਂ ਦੇ ਪਦ ਚਿੰਨਾਂ 'ਤੇ ਚੱਲ ਕੇ ਕਾਮਰੇਡ ਅਣਖੀ ਦੀ 32ਵੀਂ ਬਰਸੀ ਮਨਾ ਰਹੀ ਹੈ। ਇਸ ਸਮੇਂ ਦੇਸ਼ ਵਿੱਚ ਭਾਰਤੀ ਜਨਤਾ ਪਾਰਟੀ ਸ੍ਰੀ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਦੇਸ਼ ਦੀ ਸੱਤਾ 'ਤੇ ਕਾਬਜ਼ ਹੈ, ਜਿਸ ਨੇ ਆਪਣੀ ਦੂਜੀ ਪਾਰੀ ਵਿੱਚ 44 ਕਿਰਤ ਕਾਨੂੰਨਾਂ ਨੂੰ ਖਤਮ ਕਰਕੇ 4 ਕਿਰਤ ਕਾਨੂੰਨ ਬਣਾਉਣ, ਡਿਊਟੀ ਸਮਾਂ 8 ਘੰਟੇ ਤੋਂ ਵਧਾ ਕੇ 12 ਘੰਟੇ ਕਰਨ, ਜੱਥੇਬੰਦੀ ਰਜਿਸਟਰਡ ਕਰਨ ਲਈ ਨਿਯਮ ਔਖੇ ਕਰਨ, ਕੰਟਰੈਕਟ ਠੇਕੇਦਾਰੀ ਆਊਟਸੋਰਸਿੰਗ ਦੀ ਲੋਕ ਵਿਰੋਧੀ ਨੀਤੀ ਨੂੰ ਬੜ੍ਹਾਵਾ ਦੇਣ, ਟਰਾਂਸਪੋਰਟ ਨੀਤੀ 2020 ਅਤੇ ਬਿਜਲੀ ਬਿੱਲ 2022 ਪਾਰਲੀਮੈਂਟ ਵਿੱਚ ਪੇਸ਼ ਕਰਕੇ ਦੇਸ਼ ਦੇ ਮੰਡੀਕਰਨ, ਜ਼ਮੀਨਾਂ ਅਤੇ ਪਬਲਿਕ ਸੈਕਟਰ ਦੇ ਅਦਾਰਿਆਂ ਨੂੰ ਅਡਾਨੀਆਂ/ਅੰਬਾਨੀਆਂ ਨੂੰ ਦੇਣ ਦੇ ਮਨਸੂਬਿਆਂ ਰਾਹੀਂ ਆਪਣਾ ਕਾਰਪੋਰੇਟ ਪੱਖੀ ਚਿਹਰਾ ਨੰਗਾ ਕੀਤਾ ਹੈ, ਜਿਸ ਦੇ ਖਿਲਾਫ ਦੇਸ਼ ਦੀਆਂ ਕੇਂਦਰੀ ਟਰੇਡ ਯੂਨੀਅਨਾਂ ਸੰਘਰਸ਼ਾਂ ਰਾਹੀਂ ਜ਼ਬਰਦਸਤ ਵਿਰੋਧ ਕਰ ਰਹੀਆਂ ਹਨ। ਇਨ੍ਹਾਂ ਸਾਰੇ ਹਾਲਤਾਂ ਦੇ ਚੱਲਦਿਆਂ ਕਾਮਰੇਡ ਅਣਖੀ ਦੀ ਜਥੇਬੰਦੀ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਬਿਜਲੀ ਕਾਮਿਆਂ ਨੂੰ ਸੰਗਠਿਤ ਕਰਕੇ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਦੀ ਅਗਵਾਈ ਕਰਦਿਆਂ ਸੰਘਰਸ਼ਾਂ ਦੇ ਰਾਹ 'ਤੇ ਚੱਲ ਰਹੀ ਹੈ। ਜਿਸ ਦੀ ਲੀਡਰਸ਼ਿਪ ਪਾਵਰਕਾਮ/ ਟ੍ਰਾਂਸਕੋ ਅੰਦਰ ਕੰਮ ਕਰਦੀਆਂ ਹੋਰ ਜਥੇਬੰਦੀਆਂ ਨੂੰ ਅਣਖੀ ਦੀ ਸੋਚ ਅਨੁਸਾਰ ਇਕ ਪਲੇਟਫਾਰਮ ਅਤੇ ਇਕ ਸਿਧਾਂਤ ਰਾਹੀਂ ਲੜਾਈ ਲੜ ਕੇ ਜਿੱਤਾਂ ਪ੍ਰਾਪਤ ਕਰਨ ਦਾ ਰਾਹ-ਦਸੇਰਾ ਬਣਨ ਲਈ ਅੱਡੀ-ਚੋਟੀ ਦਾ ਜ਼ੋਰ ਲਗਾ ਰਹੀ ਹੈ।

ਸੁਰਿੰਦਰਪਾਲ ਸਿੰਘ ਲਾਹੌਰੀਆ
ਜਨਰਲ ਸਕੱਤਰ, ਪੰਜਾਬ

ਪਾਵਰ ਮੈਨੇਜਮੈਂਟ ਬਿਜਲੀ ਕਰਮਚਾਰੀਆਂ ਦੀਆਂ ਮੰਗਾਂ 'ਤੇ ਵਾਰ-ਵਾਰ ਮੀਟਿੰਗਾਂ ਵਿੱਚ ਸਮਝੌਤੇ ਕਰਕੇ ਮੰਗਾਂ ਦਾ ਹੱਲ ਨਾ ਕਰਕੇ ਬਿਜਲੀ ਕਰਮਚਾਰੀਆਂ ਨੂੰ ਸੰਘਰਸ਼ ਕਰਨ ਲਈ ਮਜਬੂਰ ਕਰ ਰਹੀ ਹੈ। ਕਿਉਂਕਿ ਪਾਵਰ ਮੈਨੇਜਮੈਂਟ ਬਿਜਲੀ ਮੁਲਾਜ਼ਮ ਏਕਤ ਮੰਚ ਨਾਲ ਵਾਰ ਵਾਰ ਮੀਟਿੰਗਾਂ ਕਰਨ ਦੇ ਬਾਵਜੂਦ ਵੀ ਪੈਂਡਿੰਗ ਪਏ ਮਸਲਿਆਂ ਦਾ ਹੱਲ ਨਹੀਂ ਕਰ ਸਕੀ।

ਬਾਕੀ ਮਸਲਿਆਂ ਦੇ ਹੱਲ ਲਈ ਸਮਝੌਤੇ ਕਰਨ ਦੇ ਬਾਵਜੂਦ ਮੈਨਜਮੈਂਟ ਮਸਲਿਆਂ ਨੂੰ ਉਲਝਾਅ ਕੇ ਰੱਖਣ ਦੇ ਰਾਹ 'ਤੇ ਚੱਲ ਰਹੀ ਹੈ।

(• ਬਾਕੀ ਸਫ਼ਾ 2 'ਤੇ)

ਪੀ ਐਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਦੇ ਵਿਛੜੇ ਸੰਘਰਸ਼ੀ ਯੋਧਿਆਂ ਨੂੰ ਸਲਾਮ ਕਰਦੇ ਹਾਂ!

ਕਾਮਰੇਡ ਐਚ ਐਸ ਪਰਮਾਰ
ਜਥੇਬੰਦੀ ਦੇ ਬਾਨੀ ਪ੍ਰਧਾਨ

ਕਾਮਰੇਡ ਮਹਿੰਦਰ ਸਿੰਘ ਬਟਾਲਾ
ਸਾਬਕਾ ਜਨਰਲ ਸਕੱਤਰ

ਕਾਮਰੇਡ ਸਤਨਾਮ ਸਿੰਘ ਛਲੇੜੀ
ਸਾਬਕਾ ਸੂਬਾ ਪ੍ਰਧਾਨ

ਕਾਮਰੇਡ ਦਰਸ਼ਨ ਸਿੰਘ ਢਿੱਲੋਂ
ਸਾਬਕਾ ਸੀ.ਮੀਤ ਪ੍ਰਧਾਨ ਪੰਜਾਬ

ਕਾਮਰੇਡ ਦਿਲਬਾਗ ਸਿੰਘ ਅਟਵਾਲ
ਸਾਬਕਾ ਮੀਤ ਪ੍ਰਧਾਨ, ਪੰਜਾਬ

ਕਾਮਰੇਡ ਬਸੰਤ ਰਾਮ ਵੇਰਕਾ
ਸਾਬਕਾ ਮੀਤ ਪ੍ਰਧਾਨ, ਪੰਜਾਬ

ਕਾਮਰੇਡ ਰਣਜੀਤ ਸਿੰਘ ਝਿੰਝੋਕੀ
ਸਾਬਕਾ ਮੀਤ ਪ੍ਰਧਾਨ, ਪੰਜਾਬ

ਕਾਮਰੇਡ ਗੁਰਬਖ਼ਸ਼ ਸਿੰਘ
ਸਾਬਕਾ ਮੀਤ ਪ੍ਰਧਾਨ, ਪੰਜਾਬ

ਕਾਮਰੇਡ ਤੇਜਿੰਦਰ ਸਿੰਘ ਮੋਹੀ
ਸਾਬਕਾ ਸਕੱਤਰ, ਪੰਜਾਬ

ਕਾਮਰੇਡ ਪਦਮ ਸਿੰਘ ਠਾਕੁਰ
ਸਾਬਕਾ ਸਕੱਤਰ, ਪੰਜਾਬ

ਕਾਮਰੇਡ ਰਜਿੰਦਰ ਸਿੰਘ ਭੱਠਲ
ਸਾਬਕਾ ਜਥੇਬੰਦਕ ਸਕੱਤਰ, ਪੰਜਾਬ

ਕਾਮਰੇਡ ਮੁਸਤਾਕ ਮਸੀਹ
ਸਾਬਕਾ ਸਕੱਤਰ, ਪੰਜਾਬ

ਪੀ ਐ

6-DEC-PAGE-1.qxd 12/5/2023 10:59 PM Page 2

ਰੇਵੰਤ ਰੈੱਡੀ ਹੋਣਗੇ ਤਿਲੰਗਾਨਾ ਦੇ ਮੁੱਖ ਮੰਤਰੀ

ਨਵੀਂ ਦਿੱਲੀ : ਰੇਵੰਤ ਰੈੱਡੀ ਤਿਲੰਗਾਨਾ ਦੇ ਮੁੱਖ ਮੰਤਰੀ ਹੋਣਗੇ। ਮੰਗਲਵਾਰ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਰਾਹੁਲ ਗਾਂਧੀ ਤੇ ਹੋਰਨਾਂ ਆਗੂਆਂ ਦੀ ਮੀਟਿੰਗ ਵਿਚ ਇਸ ਦਾ ਫੈਸਲਾ ਲਿਆ ਗਿਆ। ਸੂਬਾ ਪਾਰਟੀ ਪ੍ਰਧਾਨ ਤੇ ਸਾਂਸਦ ਰੈੱਡੀ ਹੈਦਰਾਬਾਦ ਵਿਚ ਕਾਂਗਰਸ ਵਿਧਾਇਕ ਦਲ ਦੀ ਮੀਟਿੰਗ ਵਿਚ ਆਗੂ ਚੁਣੇ ਜਾਣਗੇ ਤੇ 7 ਦਸੰਬਰ ਨੂੰ ਸਹੁੰ ਚੁੱਕਣਗੇ।

119 ਮੈਂਬਰੀ ਅਸੰਬਲੀ ਦੀਆਂ 64 ਸੀਟਾਂ ਜਿੱਤ ਕੇ ਕਾਂਗਰਸ ਨੇ ਸੱਤਾਧਾਰੀ ਭਾਰਤ ਰਾਸ਼ਟਰ ਸਮਿਤੀ ਨੂੰ ਸੱਤਾ ਤੋਂ ਬੇਦਖਲ ਕੀਤਾ ਸੀ। ਸਮਿਤੀ 39 ਸੀਟਾਂ ਹੀ ਜਿੱਤ ਸਕੀ ਸੀ।

54 ਸਾਲਾ ਅਨੁਮੁੱਲਾ ਰੇਵੰਤ ਰੈੱਡੀ ਉਸਮਾਨੀਆ ਯੂਨੀਵਰਸਿਟੀ ਤੋਂ ਗ੍ਰੈਜੂਏਟ ਹਨ ਤੇ ਉਨ੍ਹਾ ਸਿਆਸੀ ਕੈਰੀਅਰ ਦੀ ਸ਼ੁਰੂਆਤ ਭਾਜਪਾ ਦੇ ਵਿਦਿਆਰਥੀ ਵਿੰਗ ਏ ਬੀ ਵੀ ਪੀ ਤੋਂ ਕੀਤੀ ਸੀ। 2007 ਵਿਚ ਉਹ ਆਂਧਰਾ ਵਿਧਾਨ ਪ੍ਰੀਸ਼ਦ ਲਈ ਆਜ਼ਾਦ ਉਮੀਦਵਾਰ ਵਜੋਂ ਚੁਣੇ ਗਏ। ਆਂਧਰਾ ਦੇ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਦੇ ਸੱਦੇ 'ਤੇ ਤੇਲਗੂ ਦੇਸਮ ਪਾਰਟੀ ਵਿਚ ਸ਼ਾਮਲ ਹੋ ਗਏ ਅਤੇ ਕੋਂਡਗਲ ਅਸੰਬਲੀ ਹਲਕੇ ਵਿਚ ਕਾਂਗਰਸ ਦੇ ਪੰਜ ਵਾਰ ਦੇ ਵਿਧਾਇਕ ਗੁਰੂਨਾਥ ਰੈੱਡੀ ਨੂੰ ਹਰਾਇਆ। ਇਹ ਚਰਚਾ ਚੱਲਣ ਕਿ ਰੈੱਡੀ ਕਾਂਗਰਸ ਨਾਲ ਨੇੜਤਾ ਵਧਾ ਰਹੇ ਹਨ, ਉਨ੍ਹਾ ਨੂੰ ਪਾਰਟੀ ਦੇ ਸਦਨ ਦੇ ਨੇਤਾ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ। ਕੁਝ ਦਿਨਾਂ ਬਾਅਦ ਉਹ ਕਾਂਗਰਸ ਵਿਚ ਸ਼ਾਮਲ ਹੋ ਗਏ, ਪਰ 2018 'ਚ ਕੋਡੰਗਲ ਹਲਕੇ ਤੋਂ ਹਾਰ ਗਏ। 2019 ਵਿਚ ਮਲਕਾਨਗਿਰੀ ਤੋਂ ਲੋਕ ਸਭਾ ਲਈ ਚੁਣੇ ਗਏ। ਜੂਨ 2021 ਵਿਚ ਉਨ੍ਹਾ ਨੂੰ ਕਾਂਗਰਸ ਨੇ ਸੂਬਾ ਪ੍ਰਧਾਨ ਬਣਾ ਦਿੱਤਾ। ਕਈ ਸੀਨੀਆਰ ਆਗੂ ਨਾਰਾਜ਼ ਹੋਏ, ਪਰ ਲੀਡਰਸ਼ਿਪ ਨੇ ਉਨ੍ਹਾ 'ਤੇ ਭਰੋਸਾ ਰੱਖਿਆ ਤੇ ਰੈੱਡੀ ਨੇ ਪਾਰਟੀ ਨੂੰ ਪਹਿਲੀ ਵਾਰ ਤਿਲੰਗਾਨਾ 'ਚ ਸੱਤਾ ਦਿਵਾਈ।

ਰੈੱਡੀ ਦਾ ਵਿਆਹ ਕਾਂਗਰਸ ਦੇ ਕੱਦਾਵਰ ਆਗੂ ਤੇ ਕੇਂਦਰੀ ਮੰਤਰੀ ਰਹੇ ਜੈਪਾਲ ਰੈੱਡੀ ਦੀ ਭਤੀਜੀ ਗੀਤਾ ਨਾਲ ਹੋਇਆ। ਗੀਤਾ ਦੇ ਪਰਵਾਰ ਵਾਲੇ ਪਹਿਲਾਂ ਮੰਨ ਨਹੀਂ ਰਹੇ ਸਨ, ਪਰ ਰੈੱਡੀ ਅੰਤ ਨੂੰ ਕਾਮਯਾਬ ਰਹੇ।

ਕੁਸ਼ਤੀ ਫੈਡਰੇਸ਼ਨ ਦੀਆਂ ਚੋਣਾਂ ਦਾ ਐਲਾਨ 8 ਨੂੰ ਸੰਭਵ

ਨਵੀਂ ਦਿੱਲੀ : ਭਾਰਤੀ ਕੁਸ਼ਤੀ ਫੈਡਰੇਸ਼ਨ ਦੀਆਂ ਚੋਣਾਂ ਲਈ ਨੋਟੀਫਿਕੇਸ਼ਨ 8 ਦਸੰਬਰ ਨੂੰ ਜਾਂ ਇਸ ਤੋਂ ਬਾਅਦ ਜਾਰੀ ਕੀਤਾ ਜਾ ਸਕਦਾ ਹੈ। ਇਸ ਸਾਲ ਦੇ ਸ਼ੁਰੂ 'ਚ ਪ੍ਰਕਾਸ਼ਤ ਕੀਤੀ ਵੋਟਰ ਸੂਚੀ 'ਚ ਕੋਈ ਵੀ ਬਦਲਾਅ ਵੀ 8 ਦਸੰਬਰ ਨੂੰ ਹੀ ਸ਼ਾਮਲ ਕੀਤਾ ਜਾਵੇਗਾ। ਸੁਪਰੀਮ ਕੋਰਟ ਨੇ ਹਾਲ ਹੀ 'ਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਚੋਣਾਂ 'ਤੇ ਲਗਾਈ ਰੋਕ ਹਟਾ ਦਿੱਤੀ ਸੀ। ਬ੍ਰਿਜ ਭੂਸ਼ਣ ਸ਼ਰਣ ਸਿੰਘ ਦੀ ਅਗਵਾਈ ਵਾਲੀ ਫੈਡਰੇਸ਼ਨ ਨੂੰ ਭਾਰਤ ਦੇ ਵੱਡੇ ਪਹਿਲਵਾਨਾਂ ਦੇ ਜਿਨਸੀ ਸੋਸ਼ਣ ਦੇ ਦੋਸ਼ਾਂ ਤੋਂ ਬਾਅਦ ਖੇਡ ਮੰਤਰਾਲੇ ਨੇ ਮੁਅੱਤਲ ਕਰ ਦਿੱਤਾ ਸੀ ਅਤੇ ਭਾਰਤੀ ਵੂਸੂ ਐਸੋਸੀਏਸ਼ਨ ਦੇ ਮੁਖੀ ਭੁਪਿੰਦਰ ਸਿੰਘ ਬਾਜਵਾ ਦੀ ਅਗਵਾਈ 'ਚ ਭਾਰਤੀ ਉਲੰਪਿਕ ਐਸੋਸੀਏਸ਼ਨ ਦੀ ਅਗਵਾਈ ਵਾਲਾ ਐਡ-ਹਾਕ ਪੈਨਲ ਫੈਡਰੇਸ਼ਨ ਦੇ ਕੰਮਕਾਜ ਨੂੰ ਦੇਖ ਰਿਹਾ ਹੈ।

ਅੱਜ 'ਇੰਡੀਆ' ਦੇ ਸੰਸਦੀ ਆਗੂਆਂ ਦੀ ਮੀਟਿੰਗ, ਪ੍ਰਧਾਨਾਂ ਦੀ ਤੀਜੇ ਹਫਤੇ

ਨਵੀਂ ਦਿੱਲੀ : ਵਿਰੋਧੀ ਗੱਠਜੋੜ 'ਇੰਡੀਆ' ਦੀ ਬੁੱਧਵਾਰ ਹੋਣ ਵਾਲੀ ਮੀਟਿੰਗ ਕੁਝ ਭਾਈਵਾਲ ਪਾਰਟੀਆਂ ਦੇ ਪ੍ਰਮੁੱਖ ਨੇਤਾਵਾਂ ਦੇ ਹੋਰ ਰੁਝੇ ਹੋਣ ਕਾਰਨ ਮੁਲਤਵੀ ਕਰ ਦਿੱਤੀ ਗਈ ਹੈ, ਪਰ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਦੀ ਰਿਹਾਇਸ਼ 'ਤੇ ਗੱਠਜੋੜ ਦੀ 'ਗੈਰ-ਰਸਮੀ ਤਾਲਮੇਲ ਮੀਟਿੰਗ' ਹੋਵੇਗੀ, ਜਿਸ 'ਚ ਸੰਸਦੀ ਦਲ ਦੇ ਨੇਤਾ ਸ਼ਾਮਲ ਹੋਣਗੇ। ਸੂਤਰਾਂ ਦਾ ਕਹਿਣਾ ਹੈ ਕਿ ਤਮਿਲਨਾਡੂ ਦੇ ਮੁੱਖ ਮੰਤਰੀ ਅਤੇ ਡੀ ਐੱਮ ਕੇ ਨੇਤਾ ਐੱਮ ਕੇ ਸਟਾਲਿਨ ਚੱਕਰਵਾਤ ਕਾਰਨ ਪੈਦਾ ਹੋਈ ਸਥਿਤੀ ਦੇ ਮੱਦੇਨਜ਼ਰ ਪੁੱਜ ਨਹੀਂ ਸਕਦੇ ਸਨ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਬਿਮਾਰ ਹਨ ਅਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਤੇ ਟੀ ਐੱਮ ਸੀ ਦੀ ਪ੍ਰਧਾਨ ਮਮਤਾ ਬੈਨਰਜੀ ਦੇ ਪਰਵਾਰ 'ਚ ਵਿਆਹ ਹੈ। ਤਿੰਨਾਂ ਨੇ ਮੀਟਿੰਗ ਅੱਗੇ ਪਾਉਣ ਲਈ ਕਿਹਾ। ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ ਤੇ ਪ੍ਰਧਾਨ ਦੇ ਦਫਤਰ ਦੇ ਕੋਆਰਡੀਨੇਟਰ ਗੁਰਦੀਪ ਸਿੰਘ ਸੱਪਲ ਨੇ ਕਿਹਾ ਕਿ ਬੁੱਧਵਾਰ ਵਾਲੀ ਮੀਟਿੰਗ ਸ਼ਾਮੀਂ 6 ਵਜੇ ਹੋਵੇਗੀ ਅਤੇ ਪਾਰਟੀ ਪ੍ਰਧਾਨਾਂ ਦੀ ਮੀਟਿੰਗ ਸਭ ਨਾਲ ਸਲਾਹ ਕਰਕੇ ਦਸਬੰਰ ਦੇ ਤੀਜੇ ਕੀਤੀ ਜਾਵੇਗੀ। ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ, ਜਿਹੜੇ ਅਸੰਬਲੀ ਚੋਣਾਂ ਵਿਚ ਕਾਂਗਰਸ ਆਗੂਆਂ ਵੱਲੋਂ ਵਰਤੀ ਗਈ ਬੋਲੀ ਤੋਂ ਨਾਰਾਜ਼ ਹਨ, ਨੇ ਕਿਹਾ ਸੀ ਕਿ ਉਹ ਬੁੱਧਵਾਰ ਦੀ ਮੀਟਿੰਗ 'ਚ ਸ਼ਾਮਲ ਹੋਣ ਬਾਰੇ ਬਾਅਦ 'ਚ ਸੋਚਣਗੇ, ਪਰ ਪਾਰਟੀ ਦੇ ਸੰਸਦੀ ਆਗੂ ਰਾਮਗੋਪਾਲ ਯਾਦਵ ਨੇ ਕਿਹਾ ਕਿ ਉਹ ਮੀਟਿੰਗ ਵਿਚ ਸ਼ਾਮਲ ਹੋਣਗੇ, ਅਖਿਲੇਸ਼ ਸ਼ਾਇਦ ਨਾ ਆਉਣ ਕਿਉਂਕਿ ਉਨ੍ਹਾ ਦੇ ਪੂਰਵਾਂਚਲ ਵਿਚ ਕੁਝ ਪ੍ਰੋਗਰਾਮ ਹਨ। ਇਸ ਵਿਚ ਕੋਈ ਫਰਕ ਨਹੀਂ ਪੈਂਦਾ ਕਿ ਮੀਟਿੰਗ ਵਿਚ ਕਿਹੜੇ ਆਗੂ ਨੇ ਸ਼ਾਮਲ ਹੋਣਾ ਹੈ। ਮੀਟਿੰਗ ਖੜਗੇ ਨੇ ਮੱਧ ਪ੍ਰਦੇਸ਼, ਰਾਜਸਥਾਨ ਤੇ ਛੱਤੀਸਗੜ੍ਹ ਵਿਚ ਕਾਂਗਰਸ ਦੀ ਹਾਰ ਤੋਂ ਬਾਅਦ ਸੱਦੀ ਸੀ। ਇੰਡੀਆ ਦੇ ਆਗੂਆਂ ਦਾ ਕਹਿਣਾ ਹੈ ਕਿ ਕਾਂਗਰਸ ਨੇ ਹੋਰਨਾਂ ਪਾਰਟੀਆਂ ਨਾਲ ਤਾਲਮੇਲ ਨਹੀਂ ਕੀਤਾ, ਜਿਸ ਦਾ ਨਤੀਜਾ ਉਸ ਦੀ ਹਾਰ ਵਿਚ ਨਿਕਲਿਆ। ਸ਼ਿਵ ਸੈਨਾ (ਯੂ ਬੀ ਟੀ), ਜਨਤਾ ਦਲ ਯੂ ਤੇ ਆਮ ਆਦਮੀ ਪਾਰਟੀ ਨੇ ਕਿਹਾ ਕਿ ਕਾਂਗਰਸ ਨੂੰ ਖੇਤਰੀ ਪਾਰਟੀਆਂ ਨੂੰ ਵਧੇਰੇ ਤਵੱਜੋ ਦੇਣੀ ਚਾਹੀਦੀ ਹੈ। ਕੇਰਲਾ ਦੇ ਮੁੱਖ ਮੰਤਰੀ ਪਿਨਰਾਈ ਵਿਜਯਨ ਨੇ ਕਿਹਾ ਕਿ ਕਾਂਗਰਸ ਸੋਚਦੀ ਸੀ ਕਿ ਉਹ ਇਕੱਲੀ ਭਾਜਪਾ ਨੂੰ ਹਰਾ ਲਵੇਗੀ। ਲਾਲਚ ਕਰਕੇ ਉਹ ਇੰਡੀਆ ਦੀਆਂ ਹੋਰਨਾਂ ਪਾਰਟੀਆਂ ਨਾਲ ਮਿਲ ਕੇ ਨਹੀਂ ਚੱਲੀ। ਜੇ ਹੋਰਨਾਂ ਪਾਰਟੀਆਂ ਨੂੰ ਨਾਲ ਲਿਆ ਹੁੰਦਾ ਤਾਂ ਨਤੀਜੇ ਹੋਰ ਹੁੰਦੇ।

ਸਿਹਤ ਕਾਮਿਆਂ ਨੇ ਆਪਣੀਆਂ ਹੱਕੀ ਮੰਗਾਂ ਲਈ ਕੀਤੀ ਰੋਸ ਰੈਲੀ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਨੂੰ ਲੈ ਕੇ ਅਪਣਾਏ ਜਾ ਰਹੇ ਅੜੀਅਲ ਰਵੱਈਏ ਦੇ ਵਿਰੁੱਧ ਅੱਜ ਸੀਐੱਚਸੀ ਮਮਦੋਟ ਵਿਖੇ ਪੀਸੀਐੱਮਐੱਸ ਐਸੋਸੀਏਸ਼ਨ, ਮਾਸ ਮੀਡੀਆ ਆਫਿਸਰਜ਼ ਐਸੋਸੀਏਸ਼ਨ, ਮੈਡੀਕਲ ਲੈਬੋਰੇਟਰੀ ਟੈਕਨੀਸ਼ੀਅਨ ਐਸੋਸੀਏਸ਼ਨ, ਸਟਾਫ਼ ਨਰਸਿਸਜ਼ ਐਸੋਸੀਏਸ਼ਨ, ਐੱਨਐੱਚਐਮ ਐਸੋਸੀਏਸ਼ਨ, ਪੈਰਾ ਮੈਡੀਕਲ ਸਟਾਫ ਵੱਲੋਂ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਦੇ ਵਿਰੁੱਧ ਦੋ ਘੰਟੇ ਕੰਮ ਕਾਜ ਠੱਪ ਕਰਕੇ ਹਸਪਤਾਲ ਦੇ ਗੇਟ ਮੂਹਰੇ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ।ਇਸ ਰੋਸ ਮੁਜ਼ਾਹਰੇ ਦੀ ਅਗਵਾਈ ਕਰਦਿਆਂ ਡਾ. ਰੇਖਾ ਭੱਟੀ ਮੈਡੀਕਲ ਅਫਸਰ, ਡਾ. ਪਟੇਲ ਅਨੁਪਮ, ਡਾ. ਪੱਲਵੀ, ਅੰਕੁਸ਼ ਭੰਡਾਰੀ, ਸ਼ਕਤੀ ਧਵਨ, ਮਹਿੰਦਰਪਾਲ, ਗੁਰਪ੍ਰੀਤ ਪੁਰੀ ਨੇ ਕਿਹਾ ਕਿ ਪੰਜਾਬ ਸਟੇਟ ਮਨਿਸਟਰੀਅਲ ਕਰਮਚਾਰੀ ਯੂਨੀਅਨ ਵੱਲੋਂ ਬੀਤੇ ਕਈ ਦਿਨਾਂ ਤੋਂ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਦਾ ਡਟ ਕੇ ਵਿਰੋਧ ਕੀਤਾ ਜਾ ਰਿਹਾ ਹੈ, ਪਰ ਸਰਕਾਰ ਦੇ ਕੱਨ ਹੇਠ ਜੂੰ ਤੱਕ ਨਹੀਂ ਸਰਕ ਰਹੀ।ਉਨ੍ਹਾਂ ਕਿਹਾ ਕਿ ਇਸ ਕਰਕੇ ਸਿਹਤ ਵਿਭਾਗ ਦੀਆਂ ਸਮੂਚੀ ਜਥੇਬੰਦੀਆਂ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ ਸਰਕਾਰ ਦੇ ਵਿਰੁੱਧ ਹਰ ਰੋਜ਼ ਸਵੇਰੇ ਦੋ ਘੰਟੇ ਕੰਮ ਕਾਜ ਠੱਪ ਕਰਕੇ ਵਿਰੋਧ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਜਿਵੇਂ ਕਿ ਪੇਅ-ਕਮਿਸ਼ਨ ਨੂੰ ਸਹੀ ਢੰਗ ਨਾਲ ਲਾਗੂ ਕਰਨਾ, ਡੀਏ ਦੀਆਂ ਬਕਾਇਆ ਕਿਸ਼ਤਾਂ, ਬਾਡਰ ਏਰੀਆ ਭੱਤਾ ਬਹਾਲ ਕਰਨਾ, 4,9,14 ਏਸੀਪੀ ਭੱਤਾ ਲਾਗੂ ਕਰਨਾ, ਕੱਚੇ ਮੁਲਾਜਮਾਂ ਨੂੰ ਪੱਕਾ ਕਰਨਾ ਤੇ ਮੁਲਾਜ਼ਮਾਂ ਦੀ ਸਭ ਤੋਂ ਵੱਡੀ ਮੰਗ ਪੁਰਾਣੀ ਪੈਨਸ਼ਨ ਨੂੰ ਬਹਾਲ ਕਰਨਾ ਆਦਿ ਅਤੇ ਹੋਰ ਵੱਖ-ਵੱਖ ਅਹਿਮ ਮੰਗਾਂ ਨੂੰ ਪੂਰਾ ਨਾ ਕਰਕੇ ਸਰਕਾਰ ਵੱਲੋਂ ਮੁਲਾਜ਼ਮਾਂ ਨਾਲ ਧੋਖਾ ਕੀਤਾ ਜਾ ਰਿਹਾ ਹੈ।

ਉਨ੍ਹਾਂ ਸਰਕਾਰ ਨੂੰ ਚੇਤਾਵਨੀ ਦਿੱਤੀ ਜੇਕਰ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਸਰਕਾਰ ਵੱਲੋਂ ਨਹੀਂ ਮੰਨੀਆਂ ਗਈਆਂ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਸਰਕਾਰ ਦੀ ਆਪਣੀ ਹੋਵੇਗੀ।ਇਸ ਮੌਕੇ ਰਿਚਰਡ, ਆਸ਼ੂ, ਰਿਪਲ, ਪਰਮਿੰਦਰ, ਜਮਨਾ, ਗੁਰਵਿੰਦਰ ਸਿੰਘ, ਜਿੰਨੀ, ਕਰਨਜੀਤ, ਮਲਕੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਸਿਹਤ ਕਾਮੇ ਮੌਜੂਦ ਸਨ।

100 ਗ੍ਰਾਮ ਹੈਰੋਇਨ ਸਣੇ 2 ਕਾਬੂ, ਪਰਚਾ ਦਰਜ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਿਟੀ ਦੀ ਪੁਲਸ ਵੱਲੋਂ 100 ਗ੍ਰਾਮ ਹੈਰੋਇਨ ਅਤੇ ਇਕ ਮੋਟਰ ਸਾਇਕਲ ਸਮੇਤ 2 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ। ਸਹਾਇਕ ਥਾਣੇਦਾਰ ਅਮਰੀਕ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕਰਮਚਾਰੀਆਂ ਦੇ ਨਾਲ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰਨ ਲਈ ਗਸ਼ਤ ਦੌਰਾਨ ਥਾਣਾ ਸਿਟੀ ਦੇ ਏਰੀਏ ਵਿਚ ਮੌਜੂਦ ਸੀ ਅਤੇ ਜਦੋਂ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਐਫ-ਐਫ ਰੋਡ ਤੇ ਸਥਿਤ ਨਾਨਕੀ ਹਵੇਲੀ ਕੋਲ ਪਹੁੰਚੇ ਤਾਂ ਜਲਾਲਾਬਾਦ ਦੀ ਤਰਫੋ ਇਕ ਮੋਟਰ ਸਾਇਕਲ ਤੇਜ ਰਫਤਾਰ ਆਉਂਦਾ ਦਿਖਾਈ ਦਿੱਤੀ ਅਤੇ ਪੁਲਸ ਪਾਰਟੀ ਨੇ ਆਪਣੀ ਟਾਰਚ ਦੇ ਨਾਲ ਈਸ਼ਾਰਾ ਕਰਕੇ ਰੁਕਿਆ ਗਿਆ। ਪੁਲਸ ਪਾਰਟੀ ਵੱਲੋਂ ਮੌਕੇ ਤੇ ਕੀਤੀ ਗਈ ਮੁੱਢਲੀ ਪੁੱਛਗਿੱਛ ਦੇ ਦੌਰਾਨ ਇਨ੍ਹਾਂ ਵਿਅਕਤੀਆਂ ਨੇ ਆਪਣਾ ਨਾਮ ਰਵੀ ਕੁਮਾਰ ਅਤੇ ਮੰਗਲ ਸਿੰਘ ਦੱਸਿਆ। ਪੁਲਸ ਪਾਰਟੀ ਵਲੋਂ ਇਨ੍ਹਾਂ ਵਿਅਕਤੀਆਂ ਦੀ ਸ਼ੱਕ ਦੇ ਅਧਾਰ ਤੇ ਚੈਕਿੰਗ ਕਰਨ ਤੇ ਇਨ੍ਹਾਂ ਕੋਲੋ 100 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਪਾਰਟੀ ਨੇ ਹੈਰੋਇਨ, ਇਕ ਮੋਟਰ ਸਾਇਕਲ ਸਮੇਤ ਰਵੀ ਕੁਮਾਰ ਉਰਫ ਸ਼ਾਲੂ ਪੁੱਤਰ ਪੱਪੂ ਰਾਮ ਵਾਸੀ ਲੱਧੂ ਵਾਲਾ ਹਿਠਾੜ (ਝੱਘੇਕੇ) ਅਤੇ ਮੰਗਲ ਸਿੰਘ ਉਰਫ ਅਕਾਸ਼ ਪੁੱਤਰ ਜਨਕ ਰਾਜ ਵਾਸੀ ਆਵਾ ਬਸਤੀ ਬਾਰਡਰ ਰੋਡ ਫਿਰੋਜਪੁਰ ਨੂੰ ਕਾਬੂ ਕਰਨ ਉਪਰੰਤ ਇਨ੍ਹਾਂ ਵਿਅਕਤੀਆਂ ਦੇ ਖਿਲਾਫ ਧਾਰਾ 21,29/61/85 ਐਨ.ਡੀ.ਪੀ.ਐਸ. ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

ਪੈਨਸ਼ਨਰਾਂ ਤੇ ਦਰਜਾ ਚਾਰ ਮੁਲਾਜ਼ਮਾਂ ਨਾਲ ਹੋਣ ਵਾਲਾ ਵਿਤਕਰਾ ਦੂਰ ਕਰਨ ਦੀ ਮੰਗ

ਕੋਟਕਪੂਰਾ (ਰਛਪਾਲ ਭੁੱਲਰ)-ਪੰਜਾਬ ਰਾਜ ਦੇ ਸਿਵਲ ਪ੍ਰਸ਼ਾਸਨ ਨੂੰ ਚਲਾ ਰਹੇ ਸਮੂਹ ਆਈ ਏ ਐਸ ਅਧਿਕਾਰੀ, ਪੁਲਸ ਪ੍ਰਸ਼ਾਸਨ ਵਿੱਚ ਕੰਮ ਕਰ ਰਹੇ ਸਮੂਹ ਆਈ ਪੀ ਐਸ ਅਧਿਕਾਰੀ ਤੇ ਪੰਜਾਬ ਰਾਜ ਦੀਆਂ ਸਾਰੀਆਂ ਸਥਾਨਕ ਨਿਆਂਇਕ ਅਦਾਲਤਾਂ ਦੇ ਸਮੂਹ ਜੁਡੀਸ਼ੀਅਲ ਅਫਸਰ ਇਸ ਸਮੇਂ ਕੇਂਦਰੀ ਪੈਟਰਨ ਅਨੁਸਾਰ 46 ਫ਼ੀਸਦੀ ਮਹਿੰਗਾਈ ਭੱਤਾ ਡੀ.ਏ ਲੈ ਰਹੇ ਹਨ। ਇਨ੍ਹਾਂ ਸਾਰਿਆਂ ਨੂੰ ਮਿਲ ਰਹੇ ਮਹਿੰਗਾਈ ਭੱਤੇ 'ਤੇ ਕਿਸੇ ਨੂੰ ਕੋਈ ਵੀ ਇਤਰਾਜ਼ ਨਹੀਂ ਹੈ, ਜਦਕਿ ਦੂਜੇ ਪਾਸੇ ਆਮ ਆਦਮੀ ਪਾਰਟੀ ਦੇ ਪੰਜਾਬ ਦੇ ਰਾਜ ਭਾਗ ਵਿੱਚ ਵੱਖ-ਵੱਖ ਵਿਭਾਗਾਂ ਵਿੱਚ ਵੱਡੀ ਗਿਣਤੀ ਵਿੱਚ ਕੰਮ ਕਰਦੇ ਦਰਜਾ ਚਾਰ ਤੇ ਦਰਜਾ ਤਿੰਨ ਕ੍ਰਮਚਾਰੀਆਂ ਤੋਂ ਲੈ ਕੇ ਦਰਜਾ ਦੋ ਤੇ ਇੱਕ ਤੱਕ ਦੇ ਸਾਰੇ ਅਧਿਕਾਰੀ ਇਸ ਸਮੇਂ 34 ਫੀਸਦੀ ਮਹਿੰਗਾਈ ਭੱਤਾ ਡੀ ਏ ਦਿੱਤਾ ਜਾ ਰਿਹਾ ਹੈ। ਪੰਜਾਬ ਦੇ ਸਮੂਹ ਮੁਲਾਜਮਾਂ ਤੇ ਅਧਿਕਾਰੀਆਂ ਨੂੰ ਅਤੇ ਸਮੂਹ ਪੈਨਸ਼ਨਰਾਂ ਨੂੰ 12 ਫੀਸਦੀ ਡੀ ਏ ਦੀਆਂ ਤਿੰਨ ਬਕਾਇਆ ਕਿਸ਼ਤਾਂ ਦੇਣ ਸਬੰਧੀ ਪੰਜਾਬ ਸਰਕਾਰ ਨੇ ਲਗਾਤਾਰ ਚੁੱਪ ਧਾਰ ਕੇ ਰੱਖੀ ਹੋਈ ਹੈ। ਅਜਿਹੀ ਪੈਦਾ ਹੋਈ ਸਥਿਤੀ 'ਤੇ ਟਿੱਪਣੀ ਕਰਦੇ ਹੋਏ ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ 1680 ਸੈਕਟਰ 22ਬੀ, ਚੰਡੀਗੜ੍ਹ ਦੇ ਸੂਬਾਈ ਆਗੂ ਰਣਬੀਰ ਸਿੰਘ ਢਿੱਲੋਂ, ਚਰਨ ਸਿੰਘ ਸਰਾਭਾ, ਦਰਸ਼ਨ ਸਿੰਘ ਲੁਬਾਣਾ, ਰਣਜੀਤ ਸਿੰਘ ਰਾਣਵਾਂ, ਜਗਦੀਸ਼ ਸਿੰਘ ਚਾਹਲ , ਬਲਕਾਰ ਵਲਟੋਹਾ, ਪ੍ਰੇਮ ਚਾਵਲਾ ਤੇ ਕਰਤਾਰ ਸਿੰਘ ਪਾਲ, ਪੰਜਾਬ ਪੈਨਸਨਰਜ ਯੂਨੀਅਨ ਦੇ ਸੂਬਾ ਪ੍ਰਧਾਨ ਗੁਰਮੇਲ ਸਿੰਘ ਮੈਲਡੇ, ਅਵਤਾਰ ਸਿੰਘ ਤਾਰੀ, ਜਗਤਾਰ ਸਿੰਘ ਭੁੰਗਰਨੀ, ਸੱਤਪਾਲ ਗੁਪਤਾ, ਮਨਜੀਤ ਸਿੰਘ ਗਿੱਲ, ਵੇਦ ਪ੍ਰਕਾਸ਼ ਜਲੰਧਰ, ਚਮਕੌਰ ਸਿੰਘ ਡਗਰੂ, ਪੋਹਲਾ ਸਿੰਘ ਬਰਾੜ, ਅਵਤਾਰ ਸਿੰਘ ਚੀਮਾ, ਅਸ਼ੋਕ ਕੌਸਲ, ਕੁਲਵੰਤ ਸਿੰਘ ਚਾਨੀ, ਮੁਕੰਦ ਲਾਲ ਨਵਾਂਸ਼ਹਿਰ, ਬੂਟਾ ਸਿੰਘ ਭੱਟੀ, ਸੱਤਪਾਲ ਸਿੰਘ ਸਹਿਗਲ, ਸਵਰਨ ਸਿੰਘ ਹਠੂਰ ਅਤੇ ਪ੍ਰਿਤਪਾਲ ਸਿੰਘ ਜਗਰਾਓਂ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਭਗਵੰਤ ਮਾਨ ਸਰਕਾਰ ਦੇ ਰਾਜ ਭਾਗ ਵਿੱਚ ਇਹ ਦੋਗਲੀ ਅਤੇ ਵਿਤਕਰੇ ਭਰਪੂਰ ਨੀਤੀ ਦੇ ਖਿਲਾਫ ਪੰਜਾਬ ਦੇ ਸਮੂਹ

6-DEC-PAGE-1.qxd 12/5/2023 10:58 PM Page 1

ਬੁੱਧਵਾਰ, 6 ਦਸੰਬਰ, 2023
21 ਮੱਘਰ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 186

ਨਵਾਂ ਜ਼ਮਾਨਾ

DAILY NAWAN ZAMANA • WEDNESDAY, 6 DECEMBER, 2023
ਜਲੰਧਰ
nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਨਸ਼ਿਆਂ ਖਿਲਾਫ਼ ਆਰ-ਪਾਰ ਦੀ ਲੜਾਈ ਨੂੰ ਅੰਜਾਮ ਤੱਕ ਲਿਜਾਣ ਦੇ ਹੁਕਮ

ਚੰਡੀਗੜ੍ਹ (ਗੁਰਜੀਤ ਬਿੱਲਾ)

ਪੰਜਾਬ ਨੂੰ ਮੁਕੰਮਲ ਤੌਰ ਉਤੇ ਨਸ਼ਾ ਮੁਕਤ ਸੂਬਾ ਬਣਾਉਣ ਦੇ ਅਹਿਦ ਨੂੰ ਦੁਹਰਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗਲਵਾਰ ਪੁਲਸ ਅਫਸਰਾਂ ਨੂੰ ਨਸ਼ਿਆਂ ਦੀ ਲਾਹਨਤ ਦੇ ਖਿਲਾਫ ਆਰ-ਪਾਰ ਦੀ ਲੜਾਈ ਨੂੰ ਅੰਜ਼ਾਮ ਤੱਕ ਲਿਜਾਣ ਦੇ ਆਦੇਸ਼ ਦਿੱਤੇ।

ਪੁਲਸ ਕਮਿਸ਼ਨਰਾਂ ਅਤੇ ਐੱਸ ਐੱਸ ਪੀਜ਼ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਨਸ਼ਿਆਂ ਦੇ ਖਿਲਾਫ ਕਿਸੇ ਤਰ੍ਹਾਂ ਦਾ ਲਿਹਾਜ਼ ਨਾ ਵਰਤਣ ਦੀ ਨੀਤੀ ਨੂੰ ਮੁਕੰਮਲ ਤੌਰ ਉਤੇ ਲਾਗੂ ਕਰਨ ਲਈ ਆਖਿਆ। ਉਨ੍ਹਾ ਕਿਹਾ ਕਿ ਪੰਜਾਬ ਪੁਲਸ ਨੇ ਨਸ਼ਿਆਂ ਦੀ ਸਪਲਾਈ ਲਾਈਨ ਨੂੰ ਪਹਿਲਾਂ ਹੀ ਤੋੜ ਦਿੱਤਾ ਹੈ ਅਤੇ ਵੱਡੇ ਨਸ਼ਾ ਤਸਕਰਾਂ ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਭੇਜਿਆ ਗਿਆ। ਇਹ ਮੁਹਿਮ ਸਖਤੀ ਨਾਲ ਜਾਰੀ ਰਹਿਣੀ ਚਾਹੀਦੀ ਹੈ ਅਤੇ ਹੇਠਲੇ ਪੱਧਰ 'ਤੇ ਵੀ ਨਸ਼ਿਆਂ ਵਿਰੁੱਧ ਕਾਰਵਾਈ ਨੂੰ ਅੰਜ਼ਾਮ ਦਿੱਤਾ ਜਾਣਾ ਚਾਹੀਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੁਲਸ ਨੂੰ ਸਮੱਗਲਰਾਂ ਦੀ ਨਸ਼ਾ ਤਸਕਰੀ ਦੇ ਪੈਸੇ ਨਾਲ ਬਣਾਈ ਜਾਇਦਾਦ ਨੂੰ ਜ਼ਬਤ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣੀ ਚਾਹੀਦੀ ਹੈ। ਪੁਲਸ ਅਧਿਕਾਰੀਆਂ ਨੂੰ ਬਿਨਾਂ ਕਿਸੇ ਦਬਾਅ ਦੇ ਦਲੇਰੀ ਨਾਲ ਕੰਮ

ਕਰਨਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਸੂਬੇ ਦੀ ਅਮਨ-ਕਾਨੂੰਨ ਦੀ ਵਿਵਸਥਾ ਉਤੇ ਪਹਿਰਾ ਦੇਣਾ ਪੁਲਸ ਅਫਸਰਾਂ ਦੀ ਸਭ ਤੋਂ ਵੱਧ ਤਰਜੀਹ ਹੋਣੀ ਚਾਹੀਦੀ ਹੈ ਅਤੇ ਇਸ ਵਿੱਚ ਕੋਈ ਕਸਰ ਬਾਕੀ ਨਾ ਛੱਡੀ ਜਾਵੇ। ਸੰਗਠਿਤ ਅਪਰਾਧ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ ਅਤੇ ਜਬਰੀ ਵਸੂਲੀ ਅਤੇ ਫਿਰੌਤੀ ਦੇ ਮਾਮਲਿਆਂ ਨੂੰ ਰੋਕਣ ਅਤੇ ਸੁਲਝਾਉਣ ਉਤੇ ਵਧੇਰੇ ਧਿਆਨ ਦਿੱਤਾ ਜਾਵੇ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਲੋਕਾਂ ਵਿੱਚ ਜਾ ਕੇ ਉਨ੍ਹਾਂ ਦੇ ਮਸਲੇ ਸੁਲਝਾਉਣ ਲਈ ਆਖਿਆ।

ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਸੂਬਾ ਭਰ ਦੇ ਭੀੜ-ਭੜੱਕੇ ਵਾਲੇ ਇਲਾਕਿਆਂ ਖਾਸ ਕਰਕੇ ਬਜ਼ਾਰਾਂ ਵਿੱਚ ਚੌਕਸੀ ਵਧਾਉਣ ਲਈ ਵੀ ਕਿਹਾ। ਉਹਨਾ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜੇਕਰ ਉਨ੍ਹਾਂ ਦੇ ਅਧਿਕਾਰ ਖੇਤਰ ਵਾਲੇ ਇਲਾਕਿਆਂ ਵਿੱਚ ਕਿਸੇ ਤਰ੍ਹਾਂ ਦੀ ਗੈਰ-ਕਾਨੂੰਨੀ ਮਾਇਨਿੰਗ ਹੈ ਤਾਂ ਉਸ ਨੂੰ ਤੁਰੰਤ ਰੋਕਿਆ ਜਾਵੇ। ਉਹਨਾ ਜੇਲ੍ਹਾਂ ਵਿੱਚ ਮੋਬਾਇਲ ਫੋਨਾਂ ਦੀ ਵਰਤੋਂ ਸੰਬੰਧੀ ਰਿਪੋਰਟਾਂ ਦਾ ਨੋਟਿਸ ਲੈਂਦਿਆਂ ਅਧਿਕਾਰੀਆਂ ਨੂੰ ਇਸ ਗੈਰ-ਕਾਨੂੰਨੀ ਗਤੀਵਿਧੀ ਨੂੰ ਤੁਰੰਤ ਰੋਕਣ ਲਈ ਆਖਿਆ। ਉਨ੍ਹਾ ਸਪੱਸ਼ਟ ਤੌਰ 'ਤੇ ਕਿਹਾ ਕਿ ਜੇਲ੍ਹ ਸਟਾਫ ਅਤੇ ਪੁਲਸ ਵੱਲੋਂ ਅਜਿਹੀ ਢਿੱਲਮੱਠ ਅਣ-ਉਚਿਤ ਅਤੇ ਨਾ-ਸਹਿਣਯੋਗ ਹੈ।

ਕਰਣੀ ਸੈਨਾ ਦੇ ਪ੍ਰਧਾਨ ਦੀ ਹੱਤਿਆ

ਜੈਪੁਰ : ਸੱਜ-ਪਿਛਾਖੜੀ ਸ੍ਰੀ ਰਾਸ਼ਟਰੀ ਰਾਜਪੂਤ ਕਰਣੀ ਸੈਨਾ ਦੇ ਕੌਮੀ ਪ੍ਰਧਾਨ ਸੁਖਦੇਵ ਸਿੰਘ ਗੁੱਗਾ ਮਾੜੀ ਨੂੰ ਤਿੰਨ ਹਥਿਆਰਬੰਦਾਂ ਨੇ ਮੰਗਲਵਾਰ ਬਾਅਦ ਦੁਪਹਿਰ ਇੱਥੇ ਸ਼ਿਆਮ ਨਗਰ 'ਚ ਉਸ ਦੇ ਘਰ 'ਚ ਗੋਲੀਆਂ ਮਾਰ ਕੇ ਮਾਰ ਦਿੱਤਾ। ਜਵਾਬੀ ਫਾਇਰਿੰਗ 'ਚ ਇਕ ਹਮਲਾਵਰ ਵੀ ਮਾਰਿਆ ਗਿਆ। ਪੁਲਸ ਮੁਤਾਬਕ ਹਮਲੇ ਵਿਚ ਉਸ ਦਾ ਇਕ ਸਕਿਉਰਟੀ ਗਾਰਡ ਜ਼ਖਮੀ ਹੋ ਗਿਆ। ਉਸ ਨੂੰ ਤੁਰੰਤ ਨਿੱਜੀ ਹਸਪਤਾਲ ਲਿਜਾਇਆ ਗਿਆ, ਪਰ ਉਹ ਬਚ ਨਹੀਂ ਸਕਿਆ। ਗੁੱਗਾ ਮਾੜੀ ਨੇ ਸ੍ਰੀ ਰਾਸ਼ਟਰੀ ਰਾਜਪੂਤ ਕਰਣੀ ਸੈਨਾ 2015 ਵਿਚ ਬਣਾਈ ਸੀ, ਜਦੋਂ ਸ੍ਰੀ ਰਾਜਪੂਤ ਕਰਣੀ ਸੈਨਾ ਦੇ ਬਾਨੀ ਲੋਕੇਂਦਰ ਸਿੰਘ ਕਲਵੀ ਨਾਲ ਮਤਭੇਦਾਂ ਕਾਰਨ ਉਸ ਨੂੰ ਕੱਢ ਦਿੱਤਾ ਗਿਆ ਸੀ। ਇਨ੍ਹਾਂ ਦੋਹਾਂ ਜਥੇਬੰਦੀਆਂ ਨੇ 2018 ਵਿਚ ਦੀਪਿਕਾ ਪਾਦੂਕੋਣ ਦੀ ਫਿਲਮ 'ਪਦਮਾਵਤ' ਦਾ ਇਹ ਕਹਿ ਕੇ ਵਿਰਧ ਕੀਤਾ ਸੀ ਕਿ ਉਸ ਵਿਚ ਰਾਜਪੂਤ ਭਾਈਚਾਰੇ ਬਾਰੇ ਇਤਿਹਾਸਕ ਤੱਥਾਂ ਨੂੰ ਵਿਗਾੜ ਕੇ ਪੇਸ਼ ਕੀਤਾ ਗਿਆ। ਜੈਪੁਰ ਦੇ ਪੁਲਸ ਕਮਿਸ਼ਨਰ ਬੀਜੂ ਜਾਰਜ ਜੋਸੇਫ ਨੇ ਪੱਤਰਕਾਰਾਂ ਨੂੰ ਤਿੰਨ ਦੱਸਿਆ ਕਿ ਤਿੰਨ ਹਮਲਾਵਰਾਂ ਘਰ ਪੁੱਜ ਕੇ ਸਕਿਉਰਟੀ ਗਾਰਡਾਂ ਨੂੰ ਕਿਹਾ ਕਿ ਉਨ੍ਹਾਂ ਗੁੱਗਾ ਮਾੜੀ ਨੂੰ ਮਿਲਣਾ ਹੈ। ਗਾਰਡ ਉਨ੍ਹਾਂ ਨੂੰ ਅੰਦਰ ਲੈ ਗਏ। ਉਨ੍ਹਾਂ ਫਾਇਰ ਖੋਲ੍ਹਣ ਤੋਂ ਪਹਿਲਾਂ ਗੁੱਗਾ ਮਾੜੀ ਨਾਲ 10 ਮਿੰਟ ਗੱਲਬਾਤ ਕੀਤੀ। ਜਵਾਬੀ ਫਾਇਰਿੰਗ ਵਿਚ ਹਮਲਾਵਰ ਨਵੀਨ ਸਿੰਘ ਸ਼ੇਖਾਵਤ ਮਾਰਿਆ ਗਿਆ, ਜਦਕਿ ਦੋ ਘਰ ਦੇ ਬਾਹਰੋਂ ਸਕੂਟੀ ਖੋਹ ਕੇ ਭੱਜ ਗਏ। ਦੱਸਿਆ ਜਾਂਦਾ ਹੈ ਕਿ ਸ਼ੇਖਾਵਤ ਦੁਕਾਨ ਚਲਾਉਂਦਾ ਸੀ। ਹਮਲੇ ਦੀ ਸੂਚਨਾ ਮਿਲਣ ਤੋਂ ਬਾਅਦ ਗੁੱਗਾ ਮਾੜੀ ਦੇ ਹਮਾਇਤੀ ਘਰ ਤੇ ਉਸ ਹਸਪਤਾਲ ਦੇ ਬਾਹਰ ਇਕੱਠੇ ਹੋਣੇ ਸ਼ੁਰੂ ਹੋ ਗਏ, ਜਿੱਥੇ ਉਸ ਨੂੰ ਲਿਜਾਇਆ ਗਿਆ ਸੀ।

ਸੈਨਾ ਦੇ ਸੂਬਾ ਪ੍ਰਧਾਨ ਭੰਵਰ ਸਿੰਘ ਸਲਾਦੀਆ ਨੂੰ ਇਕ ਸਾਬਕਾ ਮੈਂਬਰ ਵੱਲੋਂ ਉਦੈਪੁਰ ਵਿਚ ਗੋਲੀ ਮਾਰ ਕੇ ਮਾਰ ਦੇਣ ਤੋਂ ਬਾਅਦ ਕਰਣੀ ਸੈਨਾ ਨੇ ਅਗਸਤ 'ਚ ਦੋਸ਼ ਲਾਇਆ ਸੀ ਕਿ ਇਸ ਦੇ ਮੈਂਬਰਾਂ ਨੂੰ ਮਾਰਨ ਦੀ ਸਾਜ਼ਿਸ਼ ਰਚੀ ਗਈ ਹੈ। ਉਦੈਪੁਰ ਜ਼ਿਲ੍ਹੇ ਦੇ ਸਾਬਕਾ ਪ੍ਰਧਾਨ ਦਿਗਵਿਜੇ ਸਿੰਘ ਨੇ ਇਕ ਈਵੈਂਟ ਵਿਚ ਸਲਾਦੀਆ ਨੂੰ ਪਿੱਛਿਓਂ ਗੋਲੀ ਮਾਰੀ ਸੀ। ਕਰਣੀ ਸੈਨਾ ਨੇ ਰਾਜਸਥਾਨ ਅਸੰਬਲੀ ਚੋਣਾਂ ਤੋਂ ਪਹਿਲਾਂ ਜੈਪੁਰ ਵਿਚ ਕੇਸਰੀਆ ਮਹਾਂ ਪੰਚਾਇਤ ਵਿਚ ਆਰਥਕ ਤੌਰ 'ਤੇ ਪੱਛੜੇ ਵਰਗਾਂ ਲਈ ਰਿਜ਼ਰਵੇਸ਼ਨ 10 ਫੀਸਦੀ ਤੋਂ ਵਧਾ ਕੇ 14 ਫੀਸਦੀ ਕਰਨ ਦੀ ਮੰਗ ਕੀਤੀ ਸੀ। 2006 ਵਿਚ ਮਰਹੂਮ ਲੋਕੇਂਦਰ ਸਿੰਘ ਕਲਵੀ ਵੱਲੋਂ ਕਾਇਮ ਕੀਤੀ ਕਰਣੀ ਸੈਨਾ ਤੇ ਗੁੱਗਾ ਮਾੜੀ ਦੀ ਕਰਣੀ ਸੈਨਾ ਰਾਜਪੂਤਾਂ ਦੇ ਪ੍ਰੈਸ਼ਰ ਗਰੁੱਪ ਦੇ ਤੌਰ 'ਤੇ ਕੰਮ ਕਰਦੀਆਂ ਆ ਰਹੀਆਂ ਹਨ, ਜਿਨ੍ਹਾਂ ਬਹੁਤੀਆਂ ਰਿਆਸਤਾਂ ਵਿਚ ਰਾਜ ਕੀਤਾ ਅਤੇ ਜਗੀਰਦਾਰੀ ਸਿਸਟਮ ਚਲਾਇਆ।

ਬਿਜਲੀ ਕਾਮਿਆਂ ਵੱਲੋਂ ਜਾਇੰਟ ਫੋਰਮ ਦੇ ਸੱਦੇ 'ਤੇ ਸਫ਼ਲ ਹੜਤਾਲ

ਸਮਰਾਲਾ (ਸੁਰਜੀਤ ਸਿੰਘ)-ਪੀ ਐੱਸ ਈ ਬੀ ਇੰਪਲਾਈਜ਼ ਜਾਇੰਟ ਫੋਰਮ ਦੇ ਆਗੂਆਂ ਨੇ ਦੱਸਿਆ ਕਿ ਵੱਖ-ਵੱਖ ਸਰਕਲ ਦਫਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਸਾਰੇ ਪੰਜਾਬ ਵਿੱਚ ਸਾਂਝੇ ਫੋਰਮ ਦੇ ਸੱਦੇ 'ਤੇ 5 ਦਸੰਬਰ ਨੂੰ ਕੀਤੀ ਹੜਤਾਲ ਨੂੰ ਬਿਜਲੀ ਮੁਲਾਜ਼ਮਾਂ ਦਾ ਭਰਵਾਂ ਹੁੰਗਾਰਾ ਮਿਲਿਆ। ਜਾਇੰਟ ਫੋਰਮ ਵਿੱਚ ਸ਼ਾਮਲ ਬਿਜਲੀ ਮੁਲਾਜਮਾਂ ਦੀਆ ਪ੍ਰਮੁੱਖ ਜਥੇਬੰਦੀਆਂ ਟੈਕਨੀਕਲ ਸਰਵਿਸਿਜ਼ ਯੂਨੀਅਨ, ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ (ਰਜਿ:), ਇੰਪਲਾਈਜ਼ ਫੈਡਰੇਸ਼ਨ ਪੀ ਐੱਸ ਈ ਬੀ (ਸੁਰਿੰਦਰ ਸਿੰਘ ਪਹਿਲਵਾਨ), ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ ਦਲ, ਇੰਪਲਾਈਜ਼ ਫੈਡਰੇਸ਼ਨ (ਫਲਜੀਤ ਸਿੰਘ), ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ, ਥਰਮਲਜ਼ ਇੰਪਲਾਈਜ਼ ਕੋਆਰਡੀਨੇਸ਼ਨ ਕਮੇਟੀ, ਹੈੱਡ ਆਫਿਸ ਇੰਪਲਾਈਜ਼ ਫੈਡਰੇਸ਼ਨ ਅਤੇ ਸਬ-ਸਟੇਸ਼ਨ ਵੈੱਲਫੇਅਰ ਐਸੋਸੀਏਸ਼ਨ ਦੇ ਸੂਬਾਈ ਆਗੂਆਂ ਕਰਮ ਚੰਦ ਭਾਰਦਵਾਜ, ਰਤਨ ਸਿੰਘ ਮਜਾਰੀ, ਬਲਦੇਵ ਸਿੰਘ ਮੰਢਾਲੀ, ਰਵੇਲ ਸਿੰਘ ਸਹਾਏਪੁਰ, ਕੌਰ ਸਿੰਘ ਸੋਹੀ, ਹਰਪਾਲ ਸਿੰਘ, ਜਗਜੀਤ ਸਿੰਘ ਕੋਟਲੀ, ਅਵਤਾਰ ਸਿੰਘ ਕੈਂਥ, ਸਿਕੰਦਰ ਨਾਥ, ਕੁਲਵਿੰਦਰ ਸਿੰਘ ਢਿੱਲੋਂ, ਜਗਜੀਤ ਸਿੰਘ ਕੰਡਾ, ਸੁਖਵਿੰਦਰ ਸਿੰਘ ਚਾਹਲ, ਜਰਨੈਲ ਸਿੰਘ ਔਲਖ, ਸਰਬਜੀਤ ਸਿੰਘ ਭਾਣਾ, ਲਖਵੰਤ ਸਿੰਘ ਦਿਓਲ, ਇੰਦਰਜੀਤ ਸਿੰਘ ਢਿੱਲੋਂ, ਰਘਬੀਰ ਸਿੰਘ, ਤੇਜਿੰਦਰ ਸਿੰਘ, ਸੁਖਵਿੰਦਰ ਸਿੰਘ ਦੁੰਮਣਾ, ਬਰਜਿੰਦਰ ਸ਼ਰਮਾ ਤੇ ਬਲਜੀਤ ਸਿੰਘ ਆਦਿ ਨੇ ਦੱਸਿਆ ਕਿ ਪਾਵਰ ਮੈਨੇਜਮੈਂਟ ਮੁਲਾਜ਼ਮਾਂ ਨਾਲ ਕੀਤੀਆਂ ਮੀਟਿੰਗਾਂ ਸਮੇਂ ਹੋਈਆਂ ਸਹਿਮਤੀਆਂ ਅਤੇ ਮੰਨੀਆਂ ਮੰਗਾਂ ਲਾਗੂ ਕਰਨ ਤੋਂ ਲਗਾਤਾਰ ਟਾਲਮਟੋਲ ਕਰ ਰਹੀ ਹੈ। ਬਿਜਲੀ ਨਿਗਮ ਦੀ ਮੈਨੇਜਮੈਂਟ ਮੁਲਾਜ਼ਮਾਂ ਦੇ ਤਨਖਾਹ ਸਕੇਲਾਂ ਵਿੱਚ ਰਹਿੰਦੀਆਂ ਤਰੁੱਟੀਆਂ ਦੂਰ ਕਰਨ ਅਤੇ ਰਹਿੰਦੇ ਭੱਤਿਆਂ ਵਿੱਚ ਵਾਧਾ ਕਰਨ ਤੋਂ ਇਨਕਾਰੀ ਹੈ, ਸੋਧੇ ਸਕੇਲਾਂ ਦੇ ਬਕਾਏ, ਡੀ ਏ ਦੀਆਂ ਰਹਿੰਦੀਆਂ ਕਿਸ਼ਤਾਂ ਰਿਲੀਜ਼ ਕਰਨ, ਸੀ ਆਰ ਏ 295/19 ਤਹਿਤ ਭਰਤੀ ਸਹਾਇਕ ਲਾਈਨਮੈਨਾਂ ਨੂੰ ਤੰਗ-ਪ੍ਰੇਸ਼ਾਨ ਕਰਨ, ਪਰਖ਼ ਕਾਲ ਸਮਾਂ ਪੂਰਾ ਹੋਣ ਦੇ ਬਾਵਜੂਦ ਪੂਰੀ ਤਨਖਾਹ ਰਿਲੀਜ਼ ਕਰਨ, ਸੀ ਆਰ ਏ (293/19,294/19,295/19, 296/19) ਤਹਿਤ ਭਰਤੀ ਮੁਲਾਜ਼ਮਾਂ ਨੂੰ ਬਿਜਲੀ ਨਿਗਮ ਦੇ ਸਕੇਲ ਲਾਗੂ ਕਰਨ, ਓ ਸੀ ਤੇ ਹੋਰ ਬਰਾਬਰ ਦੀਆਂ ਕੈਟਾਗਰੀਆਂ ਨੂੰ ਪੇ ਬੈਂਡ ਦੇਣ, ਪੁਨਰਉਸਾਰੀ ਦੇ ਨਾਂਅ 'ਤੇ ਖਤਮ ਕੀਤੀਆਂ ਮਨਜ਼ੂਰਸ਼ੁਦਾ ਅਸਾਮੀਆਂ ਬਹਾਲ ਕਰਨ, 17 ਜੁਲਾਈ 2020 ਤੋਂ ਬਾਅਦ ਭਰਤੀ ਕਰਮਚਾਰੀਆਂ ਨੂੰ ਕੇਂਦਰ ਦੀ ਥਾਂ ਪੰਜਾਬ ਸਰਕਾਰ ਦੇ ਸਕੇਲ ਦੇਣ, ਮੁਲਾਜ਼ਮਾਂ ਦੀਆਂ ਤਰੱਕੀਆਂ, ਪੁਰਾਣੀ ਪੈਨਸ਼ਨ ਦੀ ਬਹਾਲੀ, ਕੰਟਰੈਕਟ ਐੱਸ ਐੱਸ ਏ /ਲਾਈਨਮੈਨਾਂ ਦਾ ਕੰਟਰੈਕਟ ਸਮਾਂ ਰੈਗੂਲਰ ਸੇਵਾ ਵਿੱਚ ਗਿਣਨ, ਗਰਿੱਡ ਸਬ-ਸਟੇਸ਼ਨਾਂ 'ਤੇ ਕੰਮ ਕਰਦੇ ਕਾਮਿਆਂ ਨੂੰ ਓਵਰ ਟਾਈਮ ਦੀ ਅਦਾਇਗੀ, ਕੰਟਰੈਕਟ ਵਰਕਰਾਂ ਦੀਆਂ ਸੇਵਾਵਾਂ ਰੈਗੂਲਰ ਕਰਨ ਆਦਿ ਮਸਲੇ ਪਿਛਲੇ ਲੰਮੇ ਸਮੇਂ ਤੋਂ ਲਮਕਾਅ ਅਵਸਥਾ ਵਿੱਚ ਹਨ, ਜਿਸ ਕਰਕੇ ਬਿਜਲੀ ਮੁਲਾਜ਼ਮਾਂ ਵਿੱਚ ਭਾਰੀ ਰੋਸ ਹੈ। ਆਗੂਆਂ ਬਿਜਲੀ ਨਿਗਮ ਦੀ ਮੈਨੇਜਮੈਂਟ ਨੂੰ ਚੇਤਾਵਨੀ ਦਿੰਦੇ ਕਿਹਾ ਕਿ ਜੇਕਰ ਬੀਤੀ 7 ਨਵੰਬਰ ਨੂੰ ਬਿਜਲੀ ਨਿਗਮ ਦੀ ਮੈਨੇਜਮੈਂਟ ਨਾਲ ਹੋਈ ਮੀਟਿੰਗ ਵਿੱਚ ਬਣੀਆਂ ਸਹਿਮਤੀਆਂ ਨੂੰ ਤੁਰੰਤ ਲਾਗੂ ਨਾ ਕੀਤਾ ਗਿਆ ਤਾਂ ਹੋਰ ਵੀ ਤਿੱਖਾ ਸੰਘਰਸ਼ ਪ੍ਰੋਗਰਾਮ ਉਲੀਕ ਕੇ ਲਾਗੂ ਕੀਤਾ ਜਾਵੇਗਾ, ਜਿਸ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਅਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਦੀ ਹੋਵੇਗੀ।

ਕਾਮਰੇਡ ਅਣਖੀ ਦੀ 32ਵੀਂ ਬਰਸੀ ਅੱਜ

ਪਟਿਆਲਾ : ਬਿਜਲੀ ਕਾਮਿਆਂ ਦੀ ਲਹਿਰ ਦੇ ਸਿਰਕੱਢ ਅਤੇ ਨਿਧੜਕ ਆਗੂ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਰਜਿਸਟਰਡ ਨੰਬਰ-41 ਦੇ ਸਾਬਕਾ ਸੂਬਾ ਪ੍ਰਧਾਨ ਮਰਹੂਮ ਕਾਮਰੇਡ ਭਗਵਾਨ ਸਿੰਘ ਅਣਖੀ ਦੀ 32ਵੀਂ ਬਰਸੀ 6 ਦਸੰਬਰ ਨੂੰ ਇੰਡਸਟਰੀ ਏਰੀਆ 'ਚ ਬਣੇ ਅਣਖੀ ਯਾਦਗਾਰੀ ਭਵਨ ਵਿੱਚ ਮਨਾਈ ਜਾ ਰਹੀ ਹੈ। ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਤੇ ਜਨਰਲ ਸਕੱਤਰ ਸਰਿੰਦਰਪਾਲ ਸਿੰਘ ਲਹੌਰੀਆ ਨੇ ਦੱਸਿਆ ਕਿ ਸਮਾਗਮ ਦੇ ਸ਼ੁਰੂ ਵਿੱਚ ਲਾਲ ਝੰਡਾ ਲਹਿਰਾਉਣ ਦੀ ਰਸਮ ਉਪਰੰਤ ਕਾਮਰੇਡ ਅਣਖੀ ਸਮੇਤ ਲਹਿਰਾਂ ਵਿੱਚ ਕੰਮ ਕਰਦਿਆਂ ਵਿਛੋੜਾ ਦੇ ਗਏ ਆਗੂਆਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਜਾਵੇਗੀ। ਗੰਡੀਵਿੰਡ ਨੇ ਕਿਹਾ ਕਿ ਸ਼ਰਧਾਂਜਲੀਆਂ ਦੇਣ ਲਈ ਪੰਜਾਬ ਏਟਕ ਦੇ ਪ੍ਰਧਾਨ ਬੰਤ ਸਿੰਘ ਬਰਾੜ ਤੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਸਮੇਤ ਭਰਾਤਰੀ ਜਥੇਬੰਦੀਆਂ ਦੇ ਆਗੂ ਪਹੁੰਚ ਕੇ ਮਿਹਨਤਕਸ਼ ਜਮਾਤ ਨੂੰ ਦਰਪੇਸ ਚੁਣੌਤੀਆਂ ਦਾ ਟਾਕਰਾ ਕਰਨ ਲਈ ਪ੍ਰੇਰਿਤ ਕਰਨਗੇ। ਅਣਖੀ ਜੀ ਦੀ ਯਾਦ ਵਿੱਚ ਨਵੇਂ ਸਾਲ 2024 ਦੀ ਡਾਇਰੀ ਅਤੇ 'ਬਿਜਲੀ ਉਜਾਲਾ' ਦਾ ਸਪੈਸ਼ਲ ਅੰਕ ਰਿਲੀਜ਼ ਕਰਨ ਉਪਰੰਤ ਵਿਛੜੇ ਆਗੂਆਂ ਦੇ ਪਰਵਾਰਕ ਮੈਂਬਰਾਂ ਨੂੰ ਸਨਮਾਨਤ ਕੀਤਾ ਜਾਵੇਗਾ। ਲੰਗਰ ਦਾ ਪ੍ਰਬੰਧ ਪਟਿਆਲਾ ਸਰਕਲ ਦੀ ਸਮੁੱਚੀ ਲੀਡਰਸ਼ਿਪ ਹਰਭਜਨ ਸਿੰਘ ਪਿਲਖਣੀ ਤੇ ਬਲਜੀਤ ਕੁਮਾਰ ਦੀ ਅਗਵਾਈ ਹੇਠ ਕਰੇਗੀ।

ਅੱਜ-ਨਾਮਾ

ਰਾਜਸੀ ਧਿਰਾਂ ਦੀ ਟੱਕਰ ਹੈ ਗੱਦੀਆਂ ਦੀ,
ਮੀਡੀਏ ਲੈਣਾ ਨਹੀਂ ਛੱਡਣਾ ਰਾਜ ਮੀਆਂ।
ਜਿੱਤ ਗਿਆ ਕੋਈ ਤੇ ਜਿੱਤਦਾ ਰਹੇ ਬੇਸ਼ੱਕ,
ਖੋਂਹਦਾ ਕਿਸੇ ਦਾ ਕਿਤੇ ਕੋਈ ਤਾਜ ਮੀਆਂ।
ਕਰ ਲਏ ਨੋਟ ਉਹ ਸਭ ਵਰਤਾਰਿਆਂ ਨੂੰ,
ਨਿਵੇਕਲਾ ਰੱਖੀ ਵੀ ਜਾਏ ਅੰਦਾਜ਼ ਮੀਆਂ।
ਬਣਦੀ ਖਬਰ ਸਭ ਪੱਖਾਂ ਲਈ ਦੇਈ ਜਾਣੀ,
ਬੇਸ਼ੱਕ ਕਰਦਾ ਨਹੀਂ ਅਸਰ ਸਮਾਜ ਮੀਆਂ।
ਉੱਨੀ-ਇੱਕੀ ਦਾ ਫਰਕ ਜਿਹਾ ਪਵੇ ਜਿਹੜਾ,
ਮੀਡੀਆ ਕਰਦਾ ਰਹੇ ਆਪ ਦਰੁਸਤ ਮੀਆਂ।
ਬਚਿਆ ਜਾਂਦਾ ਤਾਂ ਸਿਆਸਤ ਤੋਂ ਬਚੇ ਥੋੜ੍ਹਾ,
ਬਹੁਤਾ ਬਣਦਾ ਉਹ ਫਿਰੇ ਨਾ ਚੁਸਤ ਮੀਆਂ।

-ਤੀਸ ਮਾਰ ਖਾਂ


हरियाणा सरकार
GOVT. OF HARYANA
ਹਰਿਆਣਾ ਸਰਕਾਰ
ਬਾਬਾ ਸਾਹਿਬ
ਡਾ. ਭੀਮ ਰਾਓ ਅੰਬੇਡਕਰ ਜੀ
ਨੂੰ
ਮਹਾਪਰਿਨਿਰਵਾਣ ਦਿਵਸ
'ਤੇ
ਆਭਾਰੀ ਰਾਸ਼ਟਰ ਦਾ ਨਮਨ

6-Dec-PAGE-4.qxd 12/5/2023 11:13 PM Page 1

ਨਵਾਂ ਜ਼ਮਾਨਾ
ਬੁੱਧਵਾਰ, 6 ਦਸੰਬਰ 2023

ਭਾਜਪਾ ਦੀ ਯੁੱਧਨੀਤੀ ਦਾ ਕਮਾਲ

ਮੱਧ ਪ੍ਰਦੇਸ਼ ਦੇ ਭਾਜਪਾ ਪ੍ਰਧਾਨ ਵੀ ਡੀ ਸ਼ਰਮਾ ਨੇ ਸੂਬੇ ਵਿੱਚ ਚੋਣ ਜਿੱਤਣ ਲਈ ਅਖਤਿਆਰ ਕੀਤੀ ਗਈ ਯੁੱਧਨੀਤੀ ਦਾ ਖੁਲਾਸਾ ਕੀਤਾ ਹੈ। ਉਸ ਨੇ ਦੱਸਿਆ ਕਿ ਰਾਜ ਦੇ 64,523 ਬੂਥਾਂ 'ਤੇ 40 ਲੱਖ ਬੂਥ ਪੱਧਰੀ ਕਾਰਕੁੰਨ ਤਾਇਨਾਤ ਕੀਤੇ ਗਏ ਸਨ। ਇਨ੍ਹਾਂ ਨੂੰ ਜ਼ਿੰਮੇਵਾਰੀ ਦਿੱਤੀ ਗਈ ਸੀ ਕਿ ਉਹ ਹਰ ਬੂਥ ਉੱਤੇ 51 .ਫੀਸਦੀ ਵੋਟਰਾਂ ਨੂੰ ਪੋਲਿੰਗ ਲਈ ਲੈ ਕੇ ਆਉਣ। ਪਾਰਟੀ ਨੇ ਜਨਵਰੀ 2022 ਵਿੱਚ ਹੀ 96 .ਫੀਸਦੀ ਬੂਥ ਕਮੇਟੀਆਂ ਬਣਾ ਲਈਆਂ ਸਨ। ਇਸ ਦੌਰਾਨ ਸਭ ਬੂਥ ਕਾਰਕੁੰਨਾਂ ਦਾ ਤਸਵੀਰਾਂ ਸਮੇਤ ਡਿਜੀਟਲ ਰਿਕਾਰਡ ਬਣਾਇਆ ਗਿਆ ਸੀ।

ਪਾਰਟੀ ਨੇ ਬੂਥ ਪੱਧਰ ਉੱਤੇ ਨਵੇਂ ਅਹੁਦੇ ਕਾਇਮ ਕੀਤੇ ਸਨ। ਇਨ੍ਹਾਂ ਵਿੱਚ ਸੋਸ਼ਲ ਮੀਡੀਆ ਇੰਚਾਰਜ, ਸਰਕਾਰੀ ਸਕੀਮਾਂ ਦੇ ਲਾਭਕਾਰੀਆਂ ਲਈ ਇੰਚਾਰਜ ਤੇ ਸ਼ਕਤੀ ਕੇਂਦਰ ਇੰਚਾਰਜ ਸ਼ਾਮਲ ਸਨ। ਸ਼ਕਤੀ ਕੇਂਦਰ ਵਿੱਚ 6 ਤੋਂ 8 ਬੂਥਾਂ ਦੇ ਨੁਮਾਇੰਦੇ ਸ਼ਾਮਲ ਕੀਤੇ ਗਏ ਸਨ। ਕੁੱਲ 10916 ਸ਼ਕਤੀ ਕੇਂਦਰ ਸਨ। ਇਨ੍ਹਾਂ ਦੇ ਜ਼ਿੰਮੇ ਹਰ ਬੂਥ ਲਈ ਪੰਨਾ ਪ੍ਰਮੁੱਖ ਨਿਯੁਕਤ ਕਰਨਾ ਸੀ। ਹਰ ਬੂਥ ਉੱਤੇ 10 ਵਰਕਾਰ ਐੱਸ ਸੀ/ਐੱਸ ਟੀ ਵਰਗ ਦੇ ਭਰਤੀ ਕਰਨੇ ਲਾਜ਼ਮੀ ਸਨ। ਉਨ੍ਹਾ ਦਸਿਆ ਕਿ ਇਨ੍ਹਾਂ ਵਿੱਚ ਲਾਡਲੀ ਬਹਨੋਂ ਯੋਜਨਾ ਦੀਆਂ ਲਾਭਕਾਰੀ ਔਰਤਾਂ ਵੀ ਸ਼ਾਮਲ ਕੀਤੀਆਂ ਗਈਆਂ ਸਨ।

ਬੂਥ ਕਾਰਕੁੰਨ ਆਪਹੁਦਰੇ ਨਾ ਹੋਣ, ਇਸ ਲਈ ਉਨ੍ਹਾਂ ਦੀਆਂ ਸੰਯੁਕਤ ਮੀਟਿੰਗਾਂ ਕੀਤੀਆਂ ਜਾਂਦੀਆਂ ਸਨ। ਇੱਕ-ਦੂਜੇ ਨਾਲ ਤਾਲਮੇਲ ਲਈ ਬੂਥ ਪੱਧਰ 'ਤੇ ਕਾਰਕੁੰਨਾਂ ਵੱਲੋਂ 42000 ਵਟਸਐਪ ਗਰੁੱਪ ਬਣਾਏ ਗਏ ਸਨ। ਭਾਜਪਾ ਵੱਲੋਂ ਪਿਛਲੀ ਜੂਨ ਵਿੱਚ ਤਾਲਮੇਲ ਮੁਹਿੰਮ ਚਲਾਈ ਗਈ, ਜਦੋਂ ਇਨ੍ਹਾਂ ਬੂਥ ਲੈਵਲ ਵਰਕਰਾਂ ਨੇ ਘਰ-ਘਰ ਜਾ ਕੇ ਲੋਕਾਂ ਨਾਲ ਸੰਪਰਕ ਕੀਤਾ ਤੇ ਕੇਂਦਰ ਦੀਆਂ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ। ਇਸ ਮੁਹਿੰਮ ਦੌਰਾਨ ਬੂਥ ਪੱਧਰ ਦਾ ਨਵਾਂ ਕੇਡਰ ਵੀ ਤਿਆਰ ਕੀਤਾ ਗਿਆ। ਜੂਨ ਵਿੱਚ ਹੀ ਭੋਪਾਲ ਵਿੱਚ ਬੂਥ ਵਰਕਰਾਂ ਦਾ ਇੱਕ ਸੂਬਾ ਪੱਧਰੀ ਸੰਮੇਲਨ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਖੁਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੀਤੀ ਸੀ। ਅਕਤੂਬਰ ਵਿੱਚ ਫਿਰ ਇਨ੍ਹਾਂ ਕਾਰਕੁੰਨਾਂ ਦਾ ਮਹਾਂਕੁੰਭ ਸੰਮੇਲਨ ਕਰਕੇ ਅਮਿਤ ਸ਼ਾਹ ਵੱਲੋਂ ਤਿਆਰ ਕੀਤੀਆਂ 15 ਰਣਨੀਤੀਆਂ ਦੀ ਰਿਹਰਸਲ ਕਰਾਈ ਗਈ।

ਭਾਜਪਾ ਆਗੂ ਨੇ ਦੱਸਿਆ ਕਿ ਹਰ ਐਤਵਾਰ ਨੂੰ ਬੂਥ ਕਾਰਕੁੰਨਾਂ ਲਈ ਪ੍ਰਧਾਨ ਮੰਤਰੀ ਦੀ 'ਮਨ ਕੀ ਬਾਤ' ਸੁਣਨੀ ਜ਼ਰੂਰੀ ਹੁੰਦੀ ਸੀ। ਇਨ੍ਹਾਂ ਬੂਥ ਲੈਵਲ ਕਾਰਕੁੰਨਾਂ ਨੂੰ ਇਹ ਵੀ ਦੱਸਿਆ ਗਿਆ ਸੀ ਕਿ ਜਿੱਥੇ ਭਾਜਪਾ ਕਮਜ਼ੋਰ ਹੈ, ਉੱਥੇ ਤੀਜੀ ਪਾਰਟੀ ਨੂੰ ਉਤਸ਼ਾਹਤ ਕਰਕੇ ਵਿਰੋਧੀ ਵੋਟਾਂ ਵੰਡਣ ਲਈ ਕਿਹੜੇ-ਕਿਹੜੇ ਦਾਅ ਅਪਣਾਉਣੇ ਹਨ। ਹਰ ਬੂਥ ਇੰਚਾਰਜ ਕੋਲ ਇਸ ਦੀ ਜਾਣਕਾਰੀ ਹੁੰਦੀ ਸੀ ਕਿ 2018 ਵਿੱਚ ਉਸ ਬੂਥ ਦਾ ਪ੍ਰਦਰਸ਼ਨ ਕਿਹੋ ਜਿਹਾ ਰਿਹਾ ਸੀ। ਅਜਿਹੀ ਸਥਿਤੀ ਵਿੱਚ ਉਪਰਲੀ ਹਵਾ ਵਿੱਚ ਉੱਡੇ ਫਿਰਦੇ ਕਾਂਗਰਸੀ ਆਗੂਆਂ ਦੇ ਹਵਾ ਵਿੱਚ ਉੱਡ ਜਾਣ ਨੂੰ ਕੌਣ ਰੋਕ ਸਕਦਾ ਸੀ।

ਇਸ ਹਾਲਤ ਨੂੰ ਦੇਖਦਿਆਂ 'ਇੰਡੀਆ' ਗਠਜੋੜ ਵਿੱਚ ਸ਼ਾਮਲ ਸਭ ਧਿਰਾਂ ਨੂੰ ਆਪਣੀ ਰਣਨੀਤੀ ਘੜਨੀ ਪਵੇਗੀ।

ਪ੍ਰੀ-ਨਿਰਵਾਣ ਦਿਵਸ 'ਤੇ ਵਿਸ਼ੇਸ਼

ਦੇਸ਼ ਨੂੰ ਡਾ. ਅੰਬੇਡਕਰ ਵਰਗੇ ਲਾਸਾਨੀ ਮਹਾਂਪੁਰਸ਼ ਦੀ ਲੋੜ

ਐੱਸ ਐੱਲ ਵਿਰਦੀ ਐਡਵੋਕੇਟ

ਡਾ. ਬਾਬਾ ਸਾਹਿਬ ਅੰਬੇਡਕਰ 14 ਅਪ੍ਰੈਲ 1891 ਨੂੰ ਮਹੂ ਛਾਉਣੀ 'ਚ ਇਕ ਗਰੀਬ ਪਰਵਾਰ ਵਿਚ ਪੈਦਾ ਹੋਏ ਤੇ 65 ਸਾਲ ਦੇਸ਼, ਸਮਾਜ ਦੀ ਸੇਵਾ ਕਰਕੇ ਉਹ 6 ਦਸੰਬਰ 1956 ਨੂੰ ਪ੍ਰੀ-ਨਿਰਵਾਣ (ਜਿਉਂਦੇ ਜੀ ਮੁਕਤੀ) ਪ੍ਰਾਪਤ ਕਰ ਗਏ। ਉਹਨਾਂ ਦੇ ਜੀਵਨ ਸੰਘਰਸ਼ ਬਾਰੇ ਲਿਖਣ ਲਈ ਸ਼ਬਦਾਂ ਦੀ ਘਾਟ ਮਹਿਸੂਸ ਹੁੰਦੀ ਹੈ, ਕਿਉਂਕਿ ਉਹਨਾਂ ਦਾ ਸਮੁੱਚਾ ਜੀਵਨ ਦੁੱਖਾਂ, ਤਕਲੀਫਾਂ, ਤੰਗੀਆਂ-ਤੁਰਸ਼ੀਆਂ ਤੇ ਰੌਂਗਟੇ ਖੜ੍ਹੇ ਕਰਨ ਵਾਲੀਆਂ ਅਪਮਾਨਤ ਘਟਨਾਵਾਂ ਦੀ ਗਾਥਾ ਹੈ। ਉਨ੍ਹਾਂ ਨੂੰ ਜਨਮ ਤੋਂ ਲੈ ਕੇ ਮੌਤ ਤੱਕ-ਜਨਤਕ ਥਾਵਾਂ, ਸਕੂਲ, ਕਾਲਜਾਂ, ਹੋਟਲਾਂ, ਹੋਸਟਲਾਂ, ਗੱਡੀਆਂ, ਦੁਕਾਨਾਂ, ਮੰਦਰਾਂ, ਸਰਾਂਵਾਂ, ਦਫਤਰਾਂ ਵਿੱਚੋਂ ਅਪਮਾਨਤ ਕਰਕੇ ਵਾਰ-ਵਾਰ ਕੱਢਿਆ ਗਿਆ। ਇਸ ਲਗਾਤਾਰ ਭੇਦ-ਭਾਵ, ਅਪਮਾਨ, ਅਨਿਆਂ, ਅੱਤਿਆਚਾਰਾਂ ਦੇ ਬਾਵਜੂਦ ਉਨ੍ਹਾਂ ਨੇ ਭੁੱਖਣ-ਭਾਣੇ ਰਹਿ ਕੇ ਵਿਦੇਸ਼ਾਂ ਦੀਆਂ ਵਿਸ਼ਵ ਪ੍ਰਸਿੱਧ ਯੂਨੀਵਰਸਿਟੀਆਂ ਵਿੱਚੋਂ ਪੰਜ ਐੱਮ ਏ, ਪੀ ਐੱਚ ਜੀ, ਡੀ ਐੱਸ ਸੀ, ਡੀ ਲਿੱਟ, ਬਾਰ ਐਟ ਲਾਅ ਉੱਚ ਪੱਧਰੀ ਦਰਜਨਾਂ ਡਿਗਰੀਆਂ ਪ੍ਰਾਪਤ ਕੀਤੀਆਂ, ਜਿਹਨਾਂ ਦਾ ਕੋਈ ਮੁਕਾਬਲਾ ਨਹੀ ?

ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਡਾਕਟਰ ਅੰਬੇਡਕਰ ਦੇ ਪ੍ਰੀ-ਨਿਰਵਾਣ ਸਮੇਂ 6 ਦਸੰਬਰ 1956 ਨੂੰ ਲੋਕ ਸਭਾ ਵਿੱਚ ਉਹਨਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ, "ਅਕਸਰ ਇਹ ਕਿਹਾ ਜਾਂਦਾ ਹੈ ਕਿ ਡਾ. ਭੀਮ ਰਾਓ ਅੰਬੇਡਕਰ ਭਾਰਤੀ ਸੰਵਿਧਾਨ ਦੇ ਮੁੱਖ ਉਸਰੱਈਏ ਸਨ। ਹਿੰਦੂ ਕੋਡ ਬਿੱਲ ਤਿਆਰ ਕਰਨ ਵਾਸਤੇ ਜੋ ਸਖਤ ਮਿਹਨਤ ਉਨ੍ਹਾਂ ਕੀਤੀ, ਇਸ ਲਈ ਉਨ੍ਹਾਂ ਨੂੰ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ। ਉਹਨਾਂ ਨੇ ਉਹਨਾਂ ਸਮਾਜ ਵਿਰੋਧੀ ਗੱਲਾਂ ਖ਼ਿਲਾਫ਼ ਵਿਦਰੋਹ ਕੀਤਾ, ਜਿਹਨਾਂ ਖ਼ਿਲਾਫ਼ ਹਰ ਇੱਕ ਨੂੰ ਵਿਦਰੋਹ ਕਰਨਾ ਚਾਹੀਦਾ ਹੈ। ਡਾ. ਅੰਬੇਡਕਰ ਨੇ ਵਿਦਰੋਹ ਸ਼ਾਂਤੀਪੂਰਨ ਕੀਤਾ।"

ਡਾ. ਨੈਲਸਨ ਮੰਡੇਲਾ ਰਾਸ਼ਟਰਪਤੀ ਦੱਖਣੀ ਅਫ਼ਰੀਕਾ ਨੇ ਕਿਹਾ, "ਭਾਰਤੀ ਸੰਵਿਧਾਨ, ਦੱਖਣੀ ਅਫ਼ਰੀਕਾ ਦੇ ਨਵੇਂ ਸੰਵਿਧਾਨ ਲਈ ਇੱਕ ਪ੍ਰੇਰਣਾ ਹੈ। ਸਾਨੂੰ ਆਸ ਹੈ ਕਿ ਇਹ ਨਵਾਂ ਸੰਵਿਧਾਨ ਬਣਾਉਣ ਵਿੱਚ ਸਾਡੀਆਂ ਕੋਸ਼ਿਸ਼ਾਂ ਉਤੇ ਭਾਰਤ ਦੇ ਮਹਾਨ ਸਪੂਤ ਡਾ. ਅੰਬੇਡਕਰ ਦੇ ਕੰਮ ਅਤੇ ਵਿਚਾਰਾਂ ਦੀ ਡੂੰਘੀ ਛਾਪ ਰਹੇਗੀ। ਸਮਾਜਿਕ ਨਿਆਂ ਅਤੇ ਦਲਿਤਾਂ ਦੇ ਕਲਿਆਣ ਪ੍ਰਤੀ ਡਾ. ਅੰਬੇਡਕਰ ਦੀ ਦੇਣ, ਰੀਸ ਕਰਨ ਯੋਗ ਹੈ।"

ਡਾਕਟਰ ਅੰਬੇਡਕਰ ਦੀ ਸੰਵਿਧਾਨਕ ਭੂਮਿਕਾ ਤੋਂ ਪ੍ਰਭਾਵਤ ਹੋ ਕੇ ਅਮਰੀਕਾ ਦੀ ਨਿਊਯਾਰਕ ਸਥਿਤ ਕੋਲੰਬੀਆ ਯੂਨੀਵਰਸਿਟੀ ਨੇ 5 ਜੂਨ 1952 ਵਿਚ ਉਹਨਾਂ ਨੂੰ 'ਡਾਕਟਰ ਆਫ ਲਾਅ (ਐੱਲ.ਐੱਲ.ਡੀ.) ਦੀ ਆਨਰੇਰੀ ਡਿਗਰੀ ਪ੍ਰਦਾਨ ਕੀਤੀ। ਡਾ. ਅੰਬੇਡਕਰ ਦਾ ਗੁਲਾਮ ਦਲਿਤ ਸ਼ੋਸ਼ਿਤ ਮਜ਼ਦੂਰ ਪੈਦਾ ਹੋ ਕੇ ਵੱਡਿਆਂ ਤੋਂ ਉਪਰ ਉੱਠਣਾ ਹੀ ਉਹਨਾਂ ਨੂੰ ਸੰਸਾਰ ਭਰ 'ਚ 'ਦੀ ਗਰੇਟ ਇੰਡੀਅਨ' ਹੋਣ ਦਾ ਮਾਣ ਅਤੇ ਸਨਮਾਨ ਦਿਵਾਉਂਦਾ ਹੈ।

ਮਹਾਮਾਨਵ ਕਾਰਲ ਮਾਰਕਸ ਦੇ ਸਿਵਾਏ, ਕਿਸੇ ਨੇ ਵੀ ਅਣਗਿਣਤ ਵਿਸ਼ਿਆਂ ਉਤੇ ਵਿਸ਼ਵ ਪ੍ਰਸਿੱਧ ਯੂਨੀਵਰਸਿਟੀਆਂ ਵਿੱਚ ਇੰਨਾ ਅਧਿਐਨ ਨਹੀਂ ਕੀਤਾ। ਡਾਕਟਰ ਅੰਬੇਡਕਰ ਅੱਤ ਦੀ ਗਰੀਬੀ 'ਚ ਪੈਦਾ ਹੋ ਕੇ ਵੀ ਸਮਾਜਿਕ, ਆਰਥਿਕ, ਧਾਰਮਿਕ, ਰਾਜਨੀਤਕ ਅੰਤਰਰਾਸ਼ਟਰੀ ਵਿਦਵਾਨ ਬਣੇ। ਦੂਸਰੇ ਦੇਸ਼ਾਂ ਨੇ ਡਾ. ਅੰਬੇਡਕਰ ਦੀ ਵਿਦਵਤਾ ਦਾ ਲੋਹਾ ਮੰਨਦਿਆਂ ਹੀ ਉਹਨਾਂ ਨੂੰ 'ਸਿੰਬਲ ਆਫ ਨੌਲਜ਼' ਦਾ ਐਵਾਰਡ ਦੇ ਕੇ ਸਨਮਾਨਤ ਕੀਤਾ ਹੈ।

ਨਿਜ਼ਾਮ ਹੈਦਰਾਬਾਦ ਜਿਹੜਾ ਉਸ ਸਮੇਂ ਸੰਸਾਰ ਦੇ ਸਰਮਾਏਦਾਰਾਂ 'ਚੋਂ ਚੌਥੇ ਨੰਬਰ 'ਤੇ ਗਿਣਿਆ ਜਾਂਦਾ ਸੀ ਅਤੇ ਕੱਟੜ ਮੁਸਲਮਾਨ ਵੀ ਸੀ, ਉਸ ਨੇ ਡਾਕਟਰ ਅੰਬੇਡਕਰ ਨੂੰ ਕਿਹਾ, "ਜੇਕਰ ਤੁਸੀਂ ਇਸਲਾਮ ਕਬੂਲ ਕਰ ਲਵੋ ਅਤੇ ਦਲਿਤਾਂ ਨੂੰ ਇਸਲਾਮ ਵਿੱਚ ਲਿਆਉਣ ਦਾ ਬਚਨ ਦਿਓ, ਤਾਂ ਮੈਂ ਤੁਹਾਨੂੰ ਇਸ ਬਦਲੇ 6 ਕਰੋੜ ਰੁਪਏ ਦੇਣ ਨੂੰ ਤਿਆਰ ਹਾਂ।" ਡਾ. ਅੰਬੇਡਕਰ ਨੇ ਨਿਜ਼ਾਮ ਹੈਦਰਾਬਾਦ ਨੂੰ ਯਕਦਮ ਕਿਹਾ, "ਮੇਰੀ ਕੌਮ ਕੋਈ ਭੇਡ, ਬੱਕਰੀਆਂ ਨਹੀਂ, ਜਿਨ੍ਹਾਂ ਦਾ ਤੂੰ ਇੱਕ ਰੁਪਿਆ ਪ੍ਰਤੀ ਮੁੱਲ ਪਾ ਰਿਹਾ ਹੈਂ। ਮੈਂ ਇਹਨਾਂ ਨੂੰ ਵੇਚਣ ਲਈ ਧਰਮ ਪਰਿਵਰਤਨ ਦਾ ਐਲਾਨ ਨਹੀਂ ਕੀਤਾ। ਮੈਂ ਇਹਨਾਂ ਲਈ ਇੱਕ ਇਸ ਤਰ੍ਹਾਂ ਦੇ ਇਨਸਾਨੀ ਧਰਮ ਦੀ ਖੋਜ ਵਿੱਚ ਹਾਂ, ਜਿਸ ਨੂੰ ਅਪਣਾ ਕੇ ਉਹ ਭਾਰਤ ਵਿੱਚ ਸਮਾਜਿਕ ਤੌਰ 'ਤੇ ਬਾਕੀਆਂ ਦੇ ਬਰਾਬਰ ਹੋ ਸਕਣ। ਸਦੀਆਂ ਤੋਂ ਇਨ੍ਹਾਂ 'ਚ ਪਾਈ ਜਾ ਰਹੀ ਹੀਣ-ਭਾਵਨਾ ਦਾ ਨਾਸ਼ ਹੋ ਜਾਵੇ।" ਇਹ ਸੁਣ, ਨਿਜ਼ਾਮ ਹੈਦਰਾਬਾਦ ਨੀਵੀਂ ਪਾ ਉੱਠ ਕੇ ਚਲਾ ਗਿਆ।

25 ਅਪ੍ਰੈਲ 1948 ਨੂੰ ਡਾ. ਅੰਬੇਡਕਰ ਇਕ ਕਾਨਫਰੰਸ ਨੂੰ ਸੰਬੋਧਨ ਕਰਨ ਲਈ ਲਖਨਊ ਗਏ। ਉਹ ਲਖਨਊ ਰੇਲਵੇ ਸਟੇਸ਼ਨ ਸੈਲੂਨ ਵਿੱਚ ਹੀ ਠਹਿਰੇ ਹੋਏ ਸਨ। ਉਸ ਸਮੇਂ ਉੱਤਰ ਪ੍ਰਦੇਸ਼ ਦੀ ਰਾਜਪਾਲ ਬੁਲਬਲੇ ਹਿੰਦ ਸ਼੍ਰੀ ਸਰੋਜਨੀ ਨਾਇਡੂ ਉਹਨਾਂ ਨੂੰ 'ਰਾਜ ਭਵਨ' ਦੇ ਮਹਿਮਾਨ ਘਰ ਵਿੱਚ ਠਹਿਰਨ ਲਈ ਕਹਿਣ ਵਾਸਤੇ ਰੇਲਵੇ ਸਟੇਸ਼ਨ 'ਤੇ ਆਈ। ਉਸ ਕਿਹਾ, "ਡਾਕਟਰ ਸਾਹਿਬ! ਮੈਂ ਆਪ ਨੂੰ ਰਾਜ ਭਵਨ ਵਿੱਚ ਲੈ ਕੇ ਜਾਣ ਵਾਸਤੇ ਆਈ ਹਾਂ। ਆਪ ਜੀ ਰੇਲਵੇ ਸਟੇਸ਼ਨ ਦੇ ਸੈਲੂਨ 'ਚ ਨਹੀਂ, ਰਾਜ ਭਵਨ ਦੇ ਗੈਸਟ ਹਾਊਸ ਵਿੱਚ ਠਹਿਰੂ।"

ਡਾ. ਅੰਬੇਡਕਰ ਨੇ ਕਿਹਾ, "ਭੈਣੇ! ਮੈਂ ਸਫਰ ਦੇ ਸਮੇਂ ਰੇਲਵੇ ਸੈਲੂਨ ਵਿੱਚ ਹੀ ਠਹਿਰਦਾ ਹਾਂ, ਕਿਉਂਕਿ ਮੇਰੇ ਸਾਥ ਬਹੁਤ ਸਾਰੀਆਂ ਮੇਰੀਆਂ ਪਿਆਰੀਆਂ ਕਿਤਾਬਾਂ ਹੁੰਦੀਆਂ ਹਨ। ਮੈਂ ਸ਼ਾਂਤੀ ਨਾਲ ਕਿਤਾਬਾਂ ਸੈਲੂਨ ਵਿੱਚ ਹੀ ਪੜ੍ਹ-ਸਿੱਖ ਲਿਖਦਾ ਹਾਂ। ਕਿਉਂਕਿ ਸੈਲੂਨ ਵਿੱਚ ਮੈਂ ਇਕੱਲਾ ਹੁੰਦਾ ਹਾਂ। ਮੈਂ ਐਨੀਆਂ ਕਿਤਾਬਾਂ ਨੂੰ ਸਾਥ ਲੈ ਕੇ ਆਪ ਦੇ ਗੈਸਟ ਹਾਊਸ ਵਿੱਚ ਕਿਸ ਤਰ੍ਹਾਂ ਜਾ ਸਕਦਾ ਹਾਂ।" ਸਰੋਜਨੀ ਨਾਇਡੂ ਨੇ ਕਿਹਾ, "ਪਰ ਮੇਰੀ ਦਾਅਵਤ ਨੂੰ ਜ਼ਰੂਰ ਪ੍ਰਵਾਨ ਕਰੋ।" ਉਹ ਸ੍ਰੀ ਸਰੋਜਨੀ ਨਾਇਡੂ ਦੀ ਰਿਹਾਇਸ਼ 'ਰਾਜ ਭਵਨ' ਗਏ। ਦੁਪਹਿਰ ਦਾ ਖਾਣਾ ਖਾਧਾ ਤੇ ਵਾਪਸ ਰੇਲਵੇ ਸਟੇਸ਼ਨ ਨੂੰ ਜਾਣ ਲਈ ਇਜਾਜ਼ਤ ਮੰਗੀ ਤਾਂ ਸ੍ਰੀ ਸਰੋਜਨੀ ਨਾਇਡੂ ਨੇ ਬਹੁਤ ਪਿਆਰ ਭਰੇ ਲਹਿਜ਼ੇ 'ਚ ਕਿਹਾ, "ਬਾਬਾ ਸਾਹਿਬ, ਭਾਰਤ ਮਾਤਾ ਦੇ ਲਾਸਾਨੀ ਪੁੱਤਰ, ਆਪਣੇ ਭਾਈ ਨੂੰ ਮਿਲ ਕੇ ਮੈਨੂੰ ਬਹੁਤ ਖੁਸ਼ੀ ਹੋਈ ਹੈ। ਹੁਣ ਮੈਨੂੰ ਪਤਾ ਲੱਗਾ ਹੈ ਕਿ ਭਾਰਤ ਮਾਤਾ ਦੇ ਮਹਾਨ ਵਿਦਵਾਨ ਨੇ ਰੇਲਵੇ ਸੈਲੂਨ ਨੂੰ ਆਪਣਾ ਘਰ ਕਿਉਂ ਬਣਾਇਆ ਹੈ। ਬਾਬਾ ਸਾਹਿਬ, ਭਾਰਤ ਮਾਤਾ ਨੂੰ ਆਪ ਜੈਸੇ ਬੁੱਧੀਜੀਵੀ ਸਪੂਤ ਉਤੇ ਬਹੁਤ ਮਾਣ ਹੈ।"

ਡਾ. ਅੰਬੇਡਕਰ ਨੂੰ ਆਪਣੀ ਬੇ-ਅਥਾਹ

ਵਿੱਦਿਆ, ਗਿਆਨ, ਪਦਵੀ ਦਾ ਹੰਕਾਰ ਨਹੀਂ ਸੀ। ਉਹ ਨਿਮਰਤਾ ਵਾਲੇ ਮਨੁੱਖ ਸਨ, ਪਰ ਉਹਨਾਂ ਵਿੱਚ ਆਤਮ ਸਨਮਾਨ ਅਤੇ ਆਤਮ ਵਿਸ਼ਵਾਸ ਕੂੱਟ-ਕੂੱਟ ਕੇ ਭਰਿਆ ਹੋਇਆ ਸੀ। ਉਹਨਾਂ ਦਾ ਸੁਭਾਅ ਬਹੁਤ ਮਿੱਠਾ ਅਤੇ ਕੋਮਲ ਸੀ। ਉਹ ਕਿਸੇ ਵੀ ਵਿਅਕਤੀ ਚਾਹੇ ਉਹ ਅਨਪੜ੍ਹ ਮਜ਼ਦੂਰ, ਉਹਨਾਂ ਦਾ ਨਿੱਜੀ ਹੈਲਪਰ, ਰਸੋਈਆ, ਚਾਹੇ ਉੱਚੀ ਤੋਂ ਉੱਚੀ ਪਦਵੀ ਦਾ ਨੇਤਾ ਜਾਂ ਅਫਸਰ ਹੋਵੇ, ਸਭ ਦੇ ਨਾਲ ਇੱਕ ਸਮਾਨ ਸਾਓ ਸਲੂਕ ਕਰਦੇ ਸਨ। ਉਹ ਅਕਸਰ ਕਿਹਾ ਕਰਦੇ ਸਨ ਕਿ ਕਿਸੇ ਦੁਆਰਾ ਕੀਤੇ ਅਹਿਸਾਨ ਜਾਂ ਨੇਕੀ ਨੂੰ ਕਦੀ ਨਾ ਭੁੱਲੋ। ਜੇਕਰ ਤੁਹਾਨੂੰ ਕੋਈ ਪਾਣੀ ਦਾ ਗਿਲਾਸ ਪਿਲਾਉਂਦਾ ਹੈ ਤਾਂ ਤੁਹਾਨੂੰ ਉਸ ਨੂੰ ਪਾਣੀ ਦੇ ਗਿਲਾਸ ਦੇ ਬਦਲੇ 'ਚ ਦੁੱਧ ਦਾ ਗਿਲਾਸ ਪਿਆਉਣਾ ਚਾਹੀਦਾ ਹੈ। ਮਹਾਰਾਜਾ ਸਈਆ ਜੀ ਰਾਵ ਬੜੌਦਾ ਅਤੇ ਮਹਾਰਾਜਾ ਸ਼ਾਹੂ ਜੀ ਕੋਹਲਾਪੁਰ ਜੀ ਵੱਲੋਂ ਉਹਨਾਂ ਨੂੰ ਉੱਚ ਸਿੱਖਿਆ ਪ੍ਰਾਪਤ ਕਰਨ ਵਾਸਤੇ ਦਿੱਤੀ ਗਈ ਆਰਥਿਕ ਸਹਾਇਤਾ ਨੂੰ ਉਹ ਜੀਵਨ ਭਰ ਨਹੀਂ ਭੁੱਲੇ।

ਡਾ. ਅੰਬੇਡਕਰ ਨੂੰ ਸਿਗਰੇਟ, ਸ਼ਰਾਬ ਜਾਂ ਕਿਸੇ ਵੀ ਹੋਰ ਨਸ਼ੇ ਦਾ ਸ਼ੌਕ ਸਾਰੀ ਉਮਰ ਨਹੀਂ ਰਿਹਾ। ਉਹਨਾਂ ਦੇ ਚਰਿੱਤਰ ਦੀ ਬੁਨਿਆਦ ਸੰਤ ਕਬੀਰ ਤੇ ਭਗਵਾਨ ਬੁੱਧ ਦੇ ਨੈਤਿਕ ਉਪਦੇਸ਼ ਸਨ। ਸਾਰੀ ਉਮਰ ਬਾਬਾ ਸਾਹਿਬ ਨੂੰ ਸਿਗਰਟ, ਸ਼ਰਾਬ ਜਾਂ ਕਿਸੇ ਵੀ ਹੋਰ ਨਸ਼ੇ ਦਾ ਸ਼ੌਕ ਨਹੀਂ ਰਿਹਾ। ਬਾਬਾ ਸਾਹਿਬ ਨੂੰ ਖਾਣ-ਪੀਣ ਦੀਆਂ ਚੀਜ਼ਾਂ ਵਿੱਚ ਵੀ ਵਿਸ਼ੇਸ਼ ਰੁਚੀ ਨਹੀਂ ਸੀ। ਉਹਨਾਂ ਨੂੰ ਲੰਮੀ ਉਮਰ ਨਾਲ ਵੀ ਲਗਾਵ ਨਹੀਂ ਸੀ। ਉਹ ਕਿਹਾ ਕਰਦੇ ਸੀ, "ਮੈਨੂੰ ਜੀਣਾ ਤਦ ਤੱਕ ਹੀ ਭਾਉਂਦਾ ਹੈ, ਜਦ ਤੱਕ ਮੈਂ ਕੋਈ ਕੰਮ ਕਰ ਸਕਾਂ।" ਉਹਨਾਂ ਦੇ ਵਿਚਾਰ ਵਿੱਚ ਜੀਵਨ ਦਾ ਕੋਈ ਨਾ ਕੋਈ ਉਦੇਸ਼ ਹੋਣਾ ਚਾਹੀਦਾ ਹੈ। ਉਹਨਾਂ ਵਿੱਚੋਂ ਹੀਣਭਾਵਨਾ ਬਿਲਕੁਲ ਮਿਟ ਚੁੱਕੀ ਸੀ। ਆਪਣੇ ਬਚਪਨ ਦੇ ਅਭਾਵਾਂ ਅਤੇ ਅੱਤਿਆਚਾਰਾਂ ਦੀ ਕਹਾਣੀ ਉਹ ਸਭ ਦੇ ਸਾਹਮਣੇ ਖੁੱਲ੍ਹੇ ਤੌਰ 'ਤੇ ਬਿਆਨ ਕਰਨ ਵਿੱਚ ਸੰਕੋਚ ਨਹੀਂ ਕਰਦੇ ਸਨ।

ਉਹਨਾਂ ਨੂੰ ਖਾਣ-ਪੀਣ ਤੇ ਮਨੋਰੰਜਨ ਦੇ ਖੇਲ-ਤਮਾਸ਼ੇ, ਸਿਨੇਮਾ ਆਦਿ ਦੇਖਣ 'ਚ ਬਿਲਕੁਲ ਰੁਚੀ ਨਹੀਂ ਸੀ। ਵੱਡੀਆਂ-ਵੱਡੀਆਂ ਪਾਰਟੀਆਂ 'ਚ ਸ਼ਾਮਿਲ ਹੋਣਾ, ਆਪਣੇ ਘਰ ਵਿੱਚ ਪਾਰਟੀਆਂ ਦੇਣਾ ਵੀ ਉਹਨਾਂ ਨੂੰ ਪਸੰਦ ਨਹੀਂ ਸੀ। ਇਹਨਾਂ ਗੱਲਾਂ ਨੂੰ ਉਹ ਸਮਾਂ ਤੇ ਪੈਸਾ ਬਰਬਾਦ ਕਰਨਾ ਸਮਝਦੇ ਸੀ। ਉਹਨਾਂ ਨੂੰ ਇੱਕ ਹੀ ਨਸ਼ਾ ਸੀ ਤੇ ਉਹ ਸੀ ਕੇਵਲ ਵਿੱਦਿਆ ਦਾ ਨਸ਼ਾ। ਉੱਠਦੇ-ਬੈਠਦੇ, ਖਾਂਦੇ-ਪੀਂਦੇ, ਸੌਂਦੇ-ਜਾਗਦੇ ਉਹ ਅਧਿਐਨ ਕਰਨ ਅਤੇ ਪੜ੍ਹਨ-ਪੜ੍ਹਾਉਣ

6-DEC-PAGE-5.qxd 12/5/2023 11:05 PM Page 1

ਬਿਜਲੀ ਕਾਮਿਆਂ ਨੇ ਕੀਤੀ ਪਾਵਰਕਾਮ ਖਿਲਾਫ਼ ਰੈਲੀ

ਬਰੇਟਾ ਵਿਖੇ ਰੈਲੀ ਕਰਦੇ ਬਿਜਲੀ ਕਾਮੇ।

ਬਰੇਟਾ (ਗੀਤਵਾਲ)

ਬਿਜਲੀ ਕਾਮਿਆਂ ਵੱਲੋਂ ਸਾਂਝੇ ਤੌਰ 'ਤੇ ਸਟੇਟ ਜੁਆਇੰਟ ਫੋਰਮ ਦੇ ਸੱਦੇ 'ਤੇ ਸਮੂਹ ਜਥੇਬੰਦੀਆਂ ਵੱਲੋਂ ਪੰਜਾਬ ਸਰਕਾਰ ਅਤੇ ਬਿਜਲੀ ਬੋਰਡ ਦੇ ਅੜੀਅਲ ਰਵੱਈਏ ਖ਼ਿਲਾਫ਼ ਮੁਕੰਮਲ ਹੜਤਾਲ ਕੀਤੀ ਹੋਈ ਹੈ। ਇਸ ਦੌਰਾਨ 66 ਕੇਵੀ ਗਰਿੰਡ ਵਿਖੇ ਰੈਲੀ ਕੀਤੀ ਗਈ, ਜੋ ਪੰਜਾਬ ਸਰਕਾਰ ਵੱਲੋਂ ਵਾਰ-ਵਾਰ ਜਥੇਬੰਦੀਆਂ ਨੂੰ ਮੀਟਿੰਗ ਦਿੱਤੀ ਜਾ ਰਹੀ ਹੈ ਅਤੇ ਲਾਰੇ ਲਾਏ ਜਾ ਰਹੇ ਹਨ, ਪ੍ਰੰਤੂ ਮੰਨੀਆਂ ਹੋਈਆਂ ਮੰਗਾਂ ਲਾਗੂ ਨਹੀਂ ਕੀਤੀਆਂ ਜਾ ਰਹੀਆਂ, ਜਿਸ ਕਾਰਨ ਮੁਲਾਜ਼ਮਾਂ ਵਿੱਚ ਬਹੁਤ ਬੇਚੈਨੀ ਹੈ। ਜਦੋਂ ਕਿ ਇਸ ਤੋਂ ਇਲਾਵਾ ਪੰਜਾਹ ਨੁਕਾਤੀ ਮੰਗ ਪੱਤਰ 'ਤੇ ਸਰਕਾਰ ਨਾਲ ਮੀਟਿੰਗ ਹੁੰਦੀ ਰਹਿੰਦੀ ਹੈ, ਪਰ ਕੋਈ ਵੀ ਮੰਗ ਲਾਗੂ ਨਹੀਂ ਕੀਤੀ ਜਾ ਰਹੀ, ਜਿਸ ਕਾਰਨ ਇਕਰੋਜ਼ਾ ਮੁਕੰਮਲ ਹੜਤਾਲ ਦਾ ਐਲਾਨ ਕੀਤਾ ਗਿਆ ਹੈ ਕਿ ਪਿਛਲੇ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਜਿਵੇਂ ਠੇਕਾ ਅਧਾਰਤ ਕਾਮਿਆਂ ਨੂੰ ਪੱਕੇ ਕਰਨਾ, ਸੋਧੇ ਤਨਖਾਹ ਸਕੇਲ ਵਿੱਚ ਤਰੁੱਟੀਆਂ ਦੂਰ ਕਰਨਾ ਮੁਲਾਜ਼ਮਾਂ ਦਾ ਜਾਮ ਕੀਤਾ ਡੀ ਏ ਲਾਗੂ ਕਰਨਾ ਸਮਾਂਬੱਧ ਸਕੇਲ ਲਾਗੂ ਕਰਨਾ, ਸੀ ਆਰ ਏ 295/19 ਰਾਹੀਂ ਭਰਤੀ ਕੀਤੇ ਸ ਹ ਾ ਇ ਕ ਲਾਇਨਮੈਨ ਸਾਥੀਆਂ ਨੂੰ ਪਰਖ਼ ਕਾਲ ਸਮਾਂ ਪੂਰਾ ਹੋਣ ਤੇ ਰੈਗੂਲਰ ਲਾਗੂ ਕਰਨਾ ਅਤੇ ਉਹਨਾਂ ਦੀ ਵਧੀ ਹੋਈ ਤਨਖਾਹ ਲਾਗੂ ਕਰਨਾ, ਪੁਰਾਣੀ ਪੈਨਸ਼ਨ ਬਹਾਲ ਕਰਨਾ, ਲਾਈਨਮੈਨ ਕੇਡਰ ਦਾ ਮੋਬਾਈਲ ਭੱਤਾ ਦੇਣਾ, ਵੱਖ ਵੱਖ ਧਾਰਾਵਾਂ ਰਾਹੀਂ ਦਰਜ ਕੀਤੇ ਗ਼ਲਤ ਕੇਸਾਂ ਨੂੰ ਵਾਪਸ ਲੈਣਾ ਆਦਿ।

ਹੁਣ ਜਦੋਂ ਪੀਐਸਪੀਸੀਐਲ ਦੀ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਵੱਲੋਂ ਕੁਝ ਦੇਣ ਦੀ ਬਜਾਏ ਆਨਾਕਾਨੀ ਕੀਤੀ ਜਾ ਰਹੀ ਹੈ ਤਾਂ ਜੁਆਇੰਟ ਫ਼ੋਰਮ ਵੱਲੋਂ ਮੁਕੰਮਲ ਹੜਤਾਲ ਦਾ ਐਲਾਨ ਕੀਤਾ ਗਿਆ ਹੈ। ਜੇਕਰ ਹਾਲੇ ਵੀ ਮੰਨੀਆਂ ਹੋਈਆਂ ਮੰਗਾਂ ਲਾਗੂ ਨਹੀਂ ਕੀਤੀਆਂ ਜਾਂਦੀਆਂ ਤਾਂ ਜੁਆਇੰਟ ਫੋਰਮ ਵੱਲੋਂ ਮੈਨੇਜਮੈਂਟ ਦੀ ਮੁਲਾਜ਼ਮਾਂ ਪ੍ਰਤੀ ਇਸ ਗੈਰ ਸੰਜੀਦਾ ਤੇ ਤਾਨਾਸ਼ਾਹੀ ਰਵੱਈਏ ਵਿਰੁੱਧ ਸਾਰੀਆਂ ਮੁਲਾਜ਼ਮ ਜਥੇਬੰਦੀਆਂ ਇੱਕ ਪਲੇਟਫਾਰਮ 'ਤੇ ਇਕੱਠੇ ਹੋ ਕੇ ਤਿੱਖੇ ਸੰਘਰਸ਼ ਦਾ ਬਿਗੁਲ ਵਜਾਉਣ ਲਈ ਮਜਬੂਰ ਹੋਣਗੇ। ਇਸ ਹੜਤਾਲੀ ਰੈਲੀ ਵਿੱਚ ਤਰਸੇਮ ਸਿੰਘ ਪ੍ਰਧਾਨ, ਮੱਖਣ ਸਿੰਘ, ਰਣਜੀਤ ਕੁਮਾਰ ਪ੍ਰਧਾਨ, ਰਾਮ ਸਿੰਘ ਬਲਵੀਰ ਸਿੰਘ ਪ੍ਰਧਾਨ, ਜਸਪਾਲ ਸਿੰਘ ਜਸਵੀਰ ਸਿੰਘ, ਸੋਨੀ ਸਿੰਘ ਪ੍ਰਗਟ ਸਿੰਘ, ਗੁਰਚਰਨ ਸਿੰਘ ਸਟੇਟ ਸਕੱਤਰ ਆਗੂ ਸ਼ਾਮਲ ਹੋਏ। ਪੀ ਐਸ ਈ ਬੀ ਜੁਆਇੰਟ ਫੋਰਮ ਸ/ਡ ਬਰੇਟਾ ਨੇ ਸੰਬੋਧਨ ਕੀਤਾ।

ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਨੇ ਵਿੱਤ ਮੰਤਰੀ ਤੇ ਐੱਸ ਐੱਸ ਪੀ ਦਾ ਪੁਤਲਾ ਫੂਕਿਆ

ਨਾਭਾ (ਵਰਿੰਦਰ ਵਰਮਾ)

ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਵਿੱਤ ਮੰਤਰੀ ਹਰਪਾਲ ਚੀਮਾ ਅਤੇ ਐਸ ਐਸ ਪੀ ਸੰਗਰੂਰ ਦਾ ਪੁਤਲਾ ਸਾੜਿਆ ਗਿਆ। ਜ਼ਮੀਨ ਪ੍ਰਾਪਤੀ ਸੰਘਰਸ ਕਮੇਟੀ ਦੇ ਜ਼ੋਨਲ ਮੀਤ ਪ੍ਰਧਾਨ ਗੁਰਵਿੰਦਰ ਬੌੜਾਂ ਨੇ ਦੱਸਿਆ ਕਿ ਪਿੰਡ ਸਾਦੀਹਰੀ ਦਾ ਜ਼ਮੀਨੀ ਮੋਰਚਾ ਜੋ ਲੰਮੇ ਸਮੇਂ ਤੋਂ ਚੱਲ ਰਿਹਾ ਹੈ, ਜਿਸ ਦਾ ਪ੍ਰਸ਼ਾਸਨ ਵੱਲੋਂ ਕੋਈ ਢੁੱਕਵਾਂ ਹੱਲ ਕਰਨ ਦੀ ਬਜਾਏ ਵਿੱਤ ਮੰਤਰੀ ਦੀ ਸ਼ਹਿ 'ਤੇ ਪਿੰਡ ਦੀ ਰਾਜਨੀਤਕ ਧੜੇਬੰਦੀ ਕਾਰਨ ਕੁਝ ਜਾਅਲਸਾਜ਼ੀ ਨਾਲ ਬਣੇ ਮੈਂਬਰ ਨੂੰ ਹੀ ਜ਼ਮੀਨ ਦੇਣ ਦੇ ਇਰਾਦੇ ਨਾਲ ਪਿੰਡ ਦੇ 250 ਘਰਾਂ ਦੇ ਦਲਿਤਾਂ ਨੂੰ ਜ਼ਮੀਨ 'ਚੋਂ ਡੰਡੇ ਦੇ ਜ਼ੋਰ 'ਤੇ ਪੁਲਸ ਵੱਲੋਂ ਖਦੇੜਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਜਿਸ ਕੜੀ ਤਹਿਤ ਸਵੇਰੇ ਪੁਲਸ ਵੱਲੋਂ ਵੱਡੀ ਗਿਣਤੀ 'ਚ ਹਮਲਾ ਕਰ ਦਿੱਤਾ ਗਿਆ। ਦਲਿਤਾਂ ਦੇ ਟੈਂਟ ਪੁੱਟ ਦਿੱਤੇ ਗਏ, ਔਰਤਾਂ ਨਾਲ ਬਦਸਲੂਕੀ ਕੀਤੀ ਗਈ ਤੇ ਉਨ੍ਹਾਂ ਦੇ ਕੱਪੜੇ ਵੀ ਪਾੜ ਦਿੱਤੇ ਗਏ, ਕਈ ਮਜ਼ਦੂਰਾਂ ਨੂੰ ਬੇਰਹਿਮੀ ਨੂੰ ਕੁੱਟਿਆ ਗਿਆ। ਬਹੁਤ ਸਾਰੇ ਸਮਾਨ ਟੈਂਕੀਆਂ ਤੇ ਵਾਹਨਾਂ ਦੀ ਤੋੜਭੰਨ ਕੀਤੀ ਗਈ, ਜਿਸ ਦੇ ਰੋਸ ਵਜੋਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਇਲਾਕਾ ਨਾਭਾ ਦੇ ਵੱਖ-ਵੱਖ ਪਿੰਡਾਂ ਦੀਆਂ ਇਕਾਈਆਂ ਦਾ ਸ਼ਾਹੀ ਸਮਾਧਾਂ ਤੇ ਇਕੱਠ ਕਰਕੇ ਵਿੱਤ ਮੰਤਰੀ ਹਰਪਾਲ ਚੀਮਾ ਅਤੇ ਐਸ ਐਸ ਪੀ ਸੰਗਰੂਰ ਦਾ ਪੁਤਲਾ ਫੂਕਿਆ ਅਤੇ ਨਾਅਰੇਬਾਜ਼ੀ ਕੀਤੀ ਗਈ।

ਜ਼ੋਨਲ ਆਗੂ ਧਰਮਵੀਰ ਹਰੀਗੜ੍ਹ ਨੇ ਕਿਹਾ ਕਿ ਪ੍ਰਸ਼ਾਸਨ ਨੂੰ ਆਪਣੀਆਂ ਦਲਿਤਾਂ ਵਿਰੋਧੀ ਹਰਕਤਾਂ ਤੋਂ ਬਾਜ਼ ਆਉਣਾ ਚਾਹੀਦਾ ਹੈ। ਜ਼ੋਨਲ ਦੀ ਐਮਰਜੇਂਸੀ ਮੀਟਿੰਗ ਕਰਕੇ ਇਸ ਦੇ ਪੱਕੇ ਹੱਲ ਦੀ ਵਿਉਂਤਬੰਦੀ ਬਣਾਈ ਜਾਵੇਗੀ। ਇਸ ਮੌਕੇ ਪਿੰਡ ਨਰਮਾਣਾ ਤੋਂ ਨਿਰਮਲ ਸਿੰਘ, ਚਮਕੌਰ ਸਿੰਘ, ਪਿੰਡ ਮੱਲੇਵਾਲ ਤੋਂ ਦਲਜੀਤ ਸਿੰਘ, ਮਨਜੀਤ ਸਿੰਘ, ਹਰਮਿੰਦਰ ਸਿੰਘ ਨੋਨੀ, ਪਿੰਡ ਹਰੀਗੜ੍ਹ ਤੋਂ ਨਰਿੰਦਰ ਕੌਰ, ਪਿੰਡ ਕਕਰਾਲਾ ਤੋਂ ਸੰਦੀਪ ਕੌਰ, ਵੀਨਾ, ਸੁਖਜਿੰਦਰ ਕੌਰ ਪਿੰਡ ਚੌਧਰੀ ਮਾਜਰਾ ਤੋਂ ਸਤਿਗੁਰ ਸਿੰਘ, ਪੰਜਾਬ ਸਿੰਘ, ਸੁਰਿੰਦਰ ਸਿੰਘ, ਬਨੇਰਾ ਖੁਰਦ ਤੋਂ ਨਾਥ ਸਿੰਘ, ਵਜੀਦਪੁਰ ਤੋਂ ਦਲੇਰ ਸਿੰਘ, ਪਿੰਡ ਮੰਡੌਰ ਤੋਂ ਲਖਵੀਰ ਸਿੰਘ, ਪ੍ਰਗਟ ਸਿੰਘ, ਮਨਦੀਪ ਕੌਰ, ਜੀਤ ਸਿੰਘ, ਜਗਦੀਪ ਸਿੰਘ ਅਤੇ ਇਕਾਈਆਂ ਦੇ ਹੋਰ ਆਗੂ ਸ਼ਾਮਲ ਸਨ।

ਸਰਕਾਰ ਦੇ ਅੜੀਅਲ ਵਤੀਰੇ ਖਿਲਾਫ਼ ਕਲੈਰੀਕਲ ਕਾਮਿਆਂ ਦੀ ਹੜਤਾਲ 28ਵੇਂ ਦਿਨ 'ਚ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ/ ਗੁਰਬਚਨ ਸਿੰਘ ਸੋਨੂੰ)

ਸਿਵਲ ਹਸਪਤਾਲ ਵਿਖੇ ਸਮੂਹ ਕਲੈਰੀਕਲ ਕਾਮਿਆਂ ਵੱਲੋਂ ਲਗਾਤਾਰ ਪੰਜਾਬ ਸਰਕਾਰ ਦੇ ਅੜੀਅਲ ਵਰਤੀਰੇ ਨੂੰ ਲੈ ਕੇ ਹੜਤਾਲ 28ਵੇਂ ਦਿਨ ਵਿੱਚ ਦਾਖਲ ਹੋ ਗਈ ਹੈ, ਪਰ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਵੱਲ ਅਜੇ ਤੱਕ ਕੋਈ ਧਿਆਨ ਨਹੀਂ ਦਿੱਤਾ ਗਿਆ, ਜਿਸ ਕਰਕੇ ਹੌਲੀ ਹੌਲੀ ਪੂਰੀਆਂ ਮੁਲਾਜ਼ਮ ਜਥੇਬੰਦੀਆਂ ਦਾ ਰੋਸ ਪੰਜਾਬ ਸਰਕਾਰ ਖਿਲਾਫ਼ ਦਿਨ ਬ ਦਿਨ ਵਧਦਾ ਜਾ ਰਿਹਾ ਹੈ। ਇਸੇ ਲੜੀ ਦੇ ਤਹਿਤ ਪੀਸੀਐਮਐਸ ਐਸੋਸੀਏਸ਼ਨ ਤੇ ਪੈਰਾ ਮੈਡੀਕਲ ਸਿਹਤ ਕ੍ਰਮਚਾਰੀ ਯੂਨੀਅਨ ਜ਼ਿਲ੍ਹਾ ਫ਼ਿਰੋਜ਼ਪੁਰ ਵੱਲੋਂ ਸਾਂਝੇ ਤੌਰ 'ਤੇ ਇੱਕ ਘੰਟਾ 11 ਵਜੇ ਤੋਂ 12 ਵਜੇ ਸਿਹਤ ਸੇਵਾਵਾਂ ਠੱਪ ਕਰਕੇ ਗੇਟ ਰੈਲੀ ਕਰਕੇ ਪੰਜਾਬ ਸਰਕਾਰ ਦਾ ਪਿੱਟ ਸਿਆਪਾ ਕੀਤਾ ਗਿਆ।

ਰੈਲੀ ਦੌਰਾਨ ਡਾਕਟਰ ਜਤਿੰਦਰ ਕੋਛੜ ਪ੍ਰਧਾਨ ਪੀਸੀਐਮਐਸ ਐਸੋਸੀਏਸ਼ਨ ਨੇ ਦੱਸਿਆ ਕਿ ਪੰਜਾਬ ਸਰਕਾਰ ਜਦੋਂ ਦੀ ਹੋਂਦ ਵਿੱਚ ਆਈ ਹੈ, ਉਹ ਦਿਨ ਬ ਦਿਨ ਮੁਲਾਜ਼ਮਾਂ ਨਾਲ ਬਹੁਤ ਮਾੜਾ ਵਤੀਰਾ ਕਰ ਰਹੀ ਹੈ ਅਤੇ ਮੁਲਾਜ਼ਮਾਂ ਦੀਆਂ ਮੰਗਾਂ ਵੱਲ ਬਿਲਕੁਲ ਧਿਆਨ ਨਹੀਂ ਦੇ ਰਹੀ, ਜਿਸ ਦੇ ਰੋਸ ਵਜੋਂ ਸਿਰਫ਼ ਇੱਕ ਘੰਟੇ ਲਈ ਸਿਹਤ ਸੇਵਾਵਾਂ ਠੱਪ ਕਰਕੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੱਤੀ ਗਈ ਹੈ। ਜੇਕਰ ਪੰਜਾਬ ਸਰਕਾਰ ਨੇ ਮੁਲਾਜ਼ਮਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਆਉਣ ਵਾਲੇ ਸਮੇਂ ਵਿੱਚ ਜਥੇਬੰਦੀ ਵੱਲੋਂ ਪੂਰਨ ਤੌਰ 'ਤੇ ਕੰਮ ਕਾਜ ਠੱਪ ਕਰਕੇ ਪੰਜਾਬ ਸਰਕਾਰ ਦੇ ਵਿਰੋਧ ਵਿੱਚ ਰੋਸ ਪ੍ਰਗਟ ਕੀਤਾ ਜਾਵੇਗਾ।

ਰੈਲੀ ਵਿੱਚ ਸੁਧੀਰ ਅਗਲੇ ਜੌਂਡਰ ਪੈਰਾ ਮੈਡੀਕਲ ਸਿਹਤ ਕ੍ਰਮਚਾਰੀ ਯੂਨੀਅਨ ਪ੍ਰਧਾਨ ਨੇ ਦੱਸਿਆ ਕਿ ਮੁਲਾਜ਼ਮਾਂ ਨੇ ਇਸ ਸਰਕਾਰ ਨੂੰ ਬਣਾਉਣ ਲਈ ਅਹਿਮ ਯੋਗਦਾਨ ਪਾਇਆ ਹੈ ਪਰ ਪੰਜਾਬ ਸਰਕਾਰ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਅਣਦੇਖਾ ਕਰਕੇ ਮੁਲਾਜ਼ਮਾਂ ਨਾਲ ਧੋਖਾ ਕਰ ਰਹੀ ਹੈ। ਨਰਿੰਦਰ ਸ਼ਰਮਾ ਮੀਤ ਪ੍ਰਧਾਨ ਮਲਟੀਪਰਪਜ ਹੈਲਥ ਵਰਕਰ ਯੂਨੀਅਨ ਮੇਲ ਫੀਮੇਲ ਪੰਜਾਬ ਨੇ ਦੱਸਿਆ ਕਿ ਪੰਜਾਬ ਸਰਕਾਰ ਨੂੰ ਆਪਣੇ ਕੀਤੇ ਹੋਏ ਵਾਅਦੇ ਅਨੁਸਾਰ ਸਮੂਹ ਕੱਚੇ ਕਾਮਿਆਂ ਨੂੰ ਪੱਕਾ ਕਰਨਾ ਬਣਦਾ ਸੀ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਵਿੱਚ ਬਹੁਤ ਸਾਰੇ ਕੱਚੇ ਕਾਮੇ ਜਿਨ੍ਹਾਂ ਕਰੋਨਾ ਦੌਰਾਨ ਬਹੁਤ ਵੱਡੇ ਪੱਧਰ 'ਤੇ ਆਪਣੀ ਜਾਨ ਜ਼ੋਖ਼ਮ ਵਿੱਚ ਪਾ ਕੇ ਸਿਹਤ ਸੇਵਾਵਾਂ ਦੇਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਪੰਜਾਬ ਸਰਕਾਰ ਨੂੰ ਇਨ੍ਹਾਂ ਮੁਲਾਜ਼ਮਾਂ ਨੂੰ ਪੱਕੇ ਕਰਨਾ ਬਣਦਾ ਸੀ ਅਤੇ ਜੋ ਬਾਕੀ ਮੁਲਾਜ਼ਮਾਂ ਦੀਆਂ ਮੰਗਾਂ ਹਨ, ਉਨ੍ਹਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਨਾ ਬਣਦਾ ਸੀ ਪਰ ਅੱਜ ਪੰਜਾਬ ਸਰਕਾਰ ਮੁਲਾਜਮਾਂ ਵਰਗ ਦੇ ਲਗਾਤਾਰ ਖਿਲਾਫ ਬਿਆਨਬਾਜ਼ੀ ਕਰ ਰਹੀ ਹੈ, ਧਰਨਿਆਂ ਵਿੱਚੋਂ ਨਿਕਲੀ ਪਾਰਟੀ ਧਰਨਿਆਂ 'ਤੇ ਹੀ ਰੋਕ ਲਾ ਰਹੀ ਹੈ, ਇਸ ਵਿੱਚ ਪੰਜਾਬ ਸੁਬਾਰਡੀਨੇਟ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਰਾਮ ਪ੍ਰਸਾਦ ਨੇ ਦੱਸਿਆ ਕਿ ਜੇਕਰ ਪੰਜਾਬ ਸਰਕਾਰ ਨੇ ਮੁਲਾਜ਼ਮਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਪੂਰੇ ਪੰਜਾਬ ਦੇ ਮੁਲਾਜ਼ਮ ਇਕੱਠੇ ਹੋ ਕੇ ਪੰਜਾਬ ਸਰਕਾਰ ਦੇ ਮੰਤਰੀਆਂ ਨੂੰ ਘਰੋਂ ਨਿਕਲਣਾ ਮੁਸ਼ਕਲ ਕਰ ਦੇਣਗੇ, ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ, ਕਿਉਂਕਿ ਅੱਜ ਪੰਜਾਬ ਸਰਕਾਰ ਪੰਜਾਬ ਦੇ ਸਮੂਹ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਮੰਨਣ ਤੋਂ ਭੱਜ ਰਹੀ ਹੈ। ਇਸ ਵਿੱਚ ਹੋਰਨਾਂ ਤੋਂ ਇਲਾਵਾ ਰੈਲੀ ਨੂੰ ਮਨਿਸਟਰ ਸਟਾਫ਼ ਦੇ ਪ੍ਰਧਾਨ ਪਰਮਵੀਰ ਮੋਗਾ ਤੇ ਰਾਮ ਅਵਤਾਰ ਪ੍ਰਧਾਨ ਰਿਟਾਇਰਡ ਪੈਰਾ ਮੈਡੀਕਲ ਸਿਹਤ ਕ੍ਰਮਚਾਰੀ ਯੂਨੀਅਨ ਜ਼ਿਲ੍ਹਾ ਫ਼ਿਰੋਜ਼ਪੁਰ ਮਨਿੰਦਰਜੀਤ ਸਿੰਘ ਪ੍ਰਧਾਨ ਕਲਾਸ ਫੋਰ ਯੂਨੀਅਨ ਵਿਕਾਸ ਕਾਲੜਾ ਡਾਕਟਰ ਪੰਕਜ ਗੁਪਤਾ, ਡਾਕਟਰ ਨਿਲ ਗੁਪਤਾ, ਡਾਕਟਰ ਆਗਿਆਪਾਲ, ਡਾਕਟਰ ਸ਼ਿਵਮ ਸਿੰਗਲਾ, ਡਾਕਟਰ ਮਨਪ੍ਰੀਤ ਸਿੰਘ, ਡਾਕਟਰ ਨਮਰੋਜ ਸਿੰਘ, ਡਾਕਟਰ ਯੁਗਪ੍ਰੀਤ ਸਿੰਘ, ਡਾਕਟਰ ਹੀਮਾਨੀ ਸ਼ਰਮਾ ਨੇ ਇਸ ਰੈਲੀ ਨੂੰ ਸੰਬੋਧਨ ਕੀਤਾ। ਇਸ ਰੈਲੀ ਵਿੱਚ ਜਸਬੀਰ ਸਿੰਘ ਭਾਂਗਰ ਪੁਰਾਣੀ ਪੈਨਸ਼ਨ ਕਮੇਟੀ ਵਿਸ਼ੇਸ਼ ਤੌਰ 'ਤੇ ਪਹੁੰਚੇ।

ਝਾਂਡੇ 'ਚ ਚਿੱਪ ਵਾਲੇ ਮੀਟਰ ਲਾਉਣ ਵਾਲਿਆਂ ਨੂੰ ਬੇਰੰਗ ਮੋੜਿਆ

ਲੁਧਿਆਣਾ (ਐਮ.ਐਸ. ਭਾਟੀਆ)

ਪਿੰਡ ਝਾਂਡੇ ਵਿੱਚ ਪਾਵਰਕੌਮ ਦੇ ਅਧਿਕਾਰੀਆਂ ਨੂੰ, ਜੋ ਪਿੰਡ ਵਿੱਚ ਚਿੱਪ ਵਾਲੇ ਮੀਟਰ ਲਾਉਣ ਆਏ ਸਨ, ਨੂੰ ਪਿੰਡ ਵਾਸੀਆਂ ਦੇ ਸਖਤ ਵਿਰੋਧ ਦਾ ਸਾਹਮਣਾ ਕਰਨਾ ਪਿਆ ਅਤੇ ਬਿਨਾਂ ਚਿੱਪ ਵਾਲੇ ਮੀਟਰ ਲਾਏ ਵਾਪਸ ਮੁੜਨਾ ਪਿਆ। ਜਮਹੂਰੀ ਕਿਸਾਨ ਸਭਾ ਪੰਜਾਬ ਦੇ ਆਗੂਆਂ ਸਰਬਜੀਤ ਕੌਰ, ਗੁਰਸਰਨ ਸਿੰਘ ਨੀਟਾ, ਸੋਨੂੰ ਚਾਵਲਾ ਦੀ ਅਗਵਾਈ ਹੇਠ ਇਕੱਠੇ ਹੋਏ ਪਿੰਡ ਵਾਸੀਆਂ ਵੱਲੋਂ ਬਿਜਲੀ ਮੁਲਾਜ਼ਮਾਂ ਨੂੰ ਕਿਹਾ ਕਿ ਉਹ ਆਪਣੇ ਘਰਾਂ ਵਿੱਚ ਚਿੱਪ ਵਾਲੇ ਮੀਟਰ ਨੂੰ ਕਦੇ ਵੀ ਨਹੀਂ ਲੱਗਣ ਦੇਣਗੇ। ਜਿਸ ਕਾਰਨ ਬਿਜਲੀ ਮੁਲਾਜ਼ਮਾਂ ਨੂੰ ਵਾਪਸ ਮੁੜਨਾ ਪਿਆ। ਇਸ ਸਮੇਂ ਇਕੱਠੇ ਹੋਏ ਪਿੰਡ ਵਾਸੀਆਂ ਨੇ ਪਾਵਰਕੌਮ ਦੇ ਦਫਤਰ ਲਲਤੋਂ ਕਲਾਂ ਵਿਖੇ ਪੁੱਜ ਕੇ ਐਸ ਡੀ ਓ ਨੂੰ ਮੰਗ ਪੱਤਰ ਵੀ ਸੌਂਪਿਆ। ਸੰਬੋਧਨ ਕਰਦਿਆਂ ਜਮਹੂਰੀ ਕਿਸਾਨ ਸਭਾ ਪੰਜਾਬ ਏਰੀਆ ਕਮੇਟੀ ਜੋਧਾਂ ਦੇ ਸਕੱਤਰ ਡਾ. ਅਜੀਤ ਰਾਮ ਸ਼ਰਮਾ ਝਾਂਡੇ ਨੇ ਆਖਿਆ ਕਿ ਕੇਂਦਰ ਤੇ ਸੂਬਾ ਸਰਕਾਰ ਨਿੱਜੀ ਕੰਪਨੀਆਂ ਦੇ ਦਬਾ ਹੇਠ ਚਿੱਪ ਵਾਲੇ ਮੀਟਰ ਲਾ ਕੇ ਪਾਵਰਕੌਮ ਨੂੰ ਕੌਡੀਆਂ ਦੇ ਭਾਅ ਵੇਚਣਾ ਚਾਹੁੰਦੀਆਂ ਹਨ, ਜਿਸ ਤੋਂ ਬਾਅਦ ਇਹ ਕੰਪਨੀਆਂ ਮਨਮਰਜ਼ੀ ਦੇ ਬਿਜਲੀ ਦੇ ਰੇਟ ਲਗਾਕੇ ਲੋਕਾਂ ਦੀ ਲੁੱਟ ਕਰਨਗੀਆਂ।

ਡੀ ਟੀ ਐੱਫ ਨੇ ਉਪ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਮਿਲ ਕੇ ਸੌਂਪੇ ਮੰਗ ਪੱਤਰ

ਸੰਗਰੂਰ (ਪ੍ਰਦੀਪ ਸਿੰਘ ਸੱਪਲ)

ਡੈਮੋਕ੍ਰੈਟਿਕ ਟੀਚਰਜ ਫਰੰਟ ਪੰਜਾਬ ਜ਼ਿਲ੍ਹਾ ਸੰਗਰੂਰ ਦਾ ਜ਼ਿਲ੍ਹਾ ਪ੍ਰਧਾਨ ਦਾਤਾ ਸਿੰਘ ਨਮੋਲ ਤੇ ਪ੍ਰੈਸ ਸਕੱਤਰ ਜਸਬੀਰ ਨਮੋਲ 'ਤੇ ਅਧਾਰਤ ਵਫਦ ਉਪ ਜ਼ਿਲ੍ਹਾ ਸਿੱਖਿਆ ਅਫਸਰ ਸੰਗਰੂਰ ਸ੍ਰੀ ਪ੍ਰੀਤਇੰਦਰ ਸਿੰਘ ਘਈ ਨੂੰ ਮਿਲਿਆ। ਉਨ੍ਹਾਂ ਜ਼ਿਲ੍ਹਾ ਪੱਧਰ ਅਤੇ ਸੂਬਾ ਪੱਧਰ ਦੇ ਮਸਲਿਆਂ ਦੇ ਮੰਗ ਪੱਤਰ ਸੌਂਪੇ ਅਤੇ ਮੰਗਾਂ ਸਬੰਧੀ ਚਰਚਾ ਕੀਤੀ। ਜ਼ਿਲ੍ਹੇ ਵਿੱਚ ਈਟੀਟੀ ਤੋਂ ਹੈੱਡ ਟੀਚਰ ਅਤੇ ਹੈੱਡ ਟੀਚਰ ਤੋਂ ਸੈਂਟਰ ਹੈੱਡ ਟੀਚਰ ਦੀਆਂ ਲਟਕੀਆਂ ਹੋਈਆਂ ਤਰੱਕੀਆਂ ਦੀ ਸਥਿਤੀ ਜਾਨਣ ਸਬੰਧੀ ਸਵਾਲ ਦੇ ਜਵਾਬ ਵਿੱਚ ਅਧਿਕਾਰੀ ਨੇ ਕਿਹਾ ਕਿ ਇਸ ਸਬੰਧੀ ਜ਼ਿਲ੍ਹਾ ਸਿੱਖਿਆ ਅਫ਼ਸਰ ਸਾਹਿਬ ਹੀ ਸਹੀ ਜਵਾਬ ਦੇ ਸਕਦੇ ਹਨ। ਜ਼ਿਲ੍ਹੇ ਦੇ ਕੁਝ ਬਲਾਕਾਂ ਜਿਵੇਂ ਚੀਮਾ ਅਤੇ ਸੁਨਾਮ -1 ਵਿੱਚ ਪ੍ਰੀ-ਪ੍ਰਾਇਮਰੀ ਦੇ ਸਾਰੇ ਬੱਚਿਆਂ ਅਤੇ ਪ੍ਰਾਇਮਰੀ ਦੇ ਜਨਰਲ ਅਤੇ ਓਬੀਸੀ ਲੜਕਿਆਂ ਨੂੰ ਹਾਲੇ ਤੱਕ ਵਰਦੀ ਨਾ ਮਿਲੇ ਹੋਣ ਦੇ ਸਵਾਲ 'ਤੇ ਅਧਿਕਾਰੀ ਨੇ ਸਬੰਧਤ ਬੀ.ਪੀ.ਈ.ਓਜ. ਨੂੰ ਮੌਕੇ 'ਤ

page-6-6-Dec.-2023-(SM).qxd 12/5/2023 11:10 PM Page 1

ਵਿਦਿਆਰਥੀਆਂ ਵੱਲੋਂ ਗੁਰਮਤਿ ਮੁਕਾਬਲੇ 'ਚ ਨਕਦ ਇਨਾਮ ਪ੍ਰਾਪਤ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਦੇ ਵਿਦਿਆਰਥੀਆਂ ਨੇ ਇਤਿਹਾਸਕ ਗੁਰਦੁਆਰਾ ਬੁਰਜ ਸਾਹਿਬ ਧਾਰੀਵਾਲ ਵਿਖੇ ਕਰਵਾਏ ਗੁਰਮਤਿ ਪ੍ਰੀਖਿਆ ਮੁਕਾਬਲੇ ਵਿੱਚ ਭਾਗ ਲੈ ਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਕੂਲ ਦੇ ਪ੍ਰਿੰਸੀਪਲ ਕਿਰਨ ਕੇਸਰ ਨੇ ਦੱਸਿਆ ਸਿੱਖ ਵੈੱਲਫੇਅਰ ਫਾਊਂਡੇਸ਼ਨ ਧਾਰੀਵਾਲ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕਰਵਾਏ ਗੁਰਮਤਿ ਪ੍ਰੀਖਿਆ ਮੁਕਾਬਲੇ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਦੇ ਬੱਚਿਆਂ ਨੇ ਭਾਗ ਲਿਆ। ਇਸ ਗੁਰਮਤਿ ਪ੍ਰੀਖਿਆ ਵਿੱਚ ਉਨ੍ਹਾਂ ਦੇ ਸਕੂਲ ਦੇ 38 ਵਿਦਿਆਰਥੀਆਂ ਹਿੱਸਾ ਲਿਆ। ਨੌਵੀਂ ਜਮਾਤ ਦੀ ਵਿਦਿਆਰਥਣ ਗੁਰਲੀਨ ਕੌਰ ਨੇ ਤੀਸਰਾ ਸਥਾਨ ਹਾਸਲ ਕਰਕੇ ਨਗਦ ਇਨਾਮ ਪ੍ਰਾਪਤ ਕਰਕੇ ਆਪਣੇ ਸਕੂਲ ਅਤੇ ਮਾਤਾ ਪਿਤਾ ਦਾ ਨਾਮ ਰੌਸ਼ਨ ਕੀਤਾ। ਸਕੂਲ ਦੇ ਪ੍ਰਿੰਸੀਪਲ ਕਿਰਨ ਕੇਸਰ ਨੇ ਕਿਹਾ ਕਿ ਸਿੱਖ ਵੈੱਲਫੇਅਰ ਫਾਊਂਡੇਸ਼ਨ ਧਾਰੀਵਾਲ ਵਲੋਂ ਨਵੀਂ ਪੀੜ੍ਹੀ ਵਿੱਚ ਸਿੱਖ ਧਰਮ ਦਾ ਪ੍ਰਚਾਰ ਕਰਨ ਅਤੇ ਮਾਨਵਤਾ ਦੇ ਭਲੇ ਲਈ ਕੀਤੇ ਜਾ ਰਹੇ ਕਾਰਜ ਬਹੁਤ ਹੀ ਸ਼ਲਾਘਾਯੋਗ ਹਨ।

ਸਕੂਲ ਪ੍ਰਿੰਸੀਪਲ ਵੱਲੋਂ ਸਵੇਰ ਦੀ ਸਭਾ ਵਿੱਚ ਇਸ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਅਤੇ ਸਮੂਹ ਵਿਦਿਆਰਥੀਆਂ ਨੂੰ ਅਜਿਹੇ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਤਾਂ ਜੋ ਉਨ੍ਹਾਂ ਦਾ ਮਾਨਸਿਕ ਅਤੇ ਬੌਧਿਕ ਵਿਕਾਸ ਵਧੀਆ ਤਰੀਕੇ ਨਾਲ ਹੋ ਸਕੇ।

ਮੰਗਾਂ ਨਾ ਮੰਨੇ ਜਾਣ 'ਤੇ ਪੁਰਾਣਾ ਸ਼ਾਲਾ ਬਿਜਲੀ ਮੁਲਾਜ਼ਮਾਂ ਨੇ ਕੀਤੀ ਹੜਤਾਲ

ਗੁਰਦਾਸਪੁਰ (ਜਨਕ ਮਹਾਜਨ)-ਜੁਆਇੰਟ ਫੋਰਮ ਪੰਜਾਬ ਦੇ ਸੱਦੇ 'ਤੇ ਮੁਲਾਜ਼ਮਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਲਾਗੂ ਕਰਵਾਉਣ ਲਈ ਪੁਰਾਣਾ ਸ਼ਾਲਾ ਸਬ ਡਵੀਜ਼ਨ ਵਿਚ ਰਣਜੀਤ ਸਿੰਘ ਟੋਨਾ ਦੀ ਪ੍ਰਧਾਨਗੀ ਹੇਠ ਬਿਜਲੀ ਮੁਲਾਜ਼ਮਾਂ ਵਲੋਂ ਮੁਕੰਮਲ ਹੜਤਾਲ ਕੀਤੀ ਗਈ। ਇਸ ਮੌਕੇ ਬਿਜਲੀ ਮੁਲਾਜ਼ਮਾਂ ਨੇ ਪੰਜਾਬ ਸਰਕਾਰ ਖ਼ਿਲਾਫ਼ ਭੜਾਸ ਕੱਢਦਿਆਂ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਸਮੇਂ ਚੇਅਰਮੈਨ ਪਾਵਰਕਾਮ ਤੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਵੀ ਕੀਤੀ ਗਈ।

ਇਸ ਮੌਕੇ ਪ੍ਰਿਤਪਾਲ ਸਿੰਘ, ਗੁਰਪ੍ਰੀਤ ਸਿੰਘ, ਇੰਜ. ਗੁਰਦੇਵ ਸਿੰਘ ਆਦਿ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਹਿਲਾਂ ਹੋਈ ਮੀਟਿੰਗ ਵਿਚ ਚੇਅਰਮੈਨ ਪਾਵਰਕਾਮ ਪਟਿਆਲਾ ਜੁਆਇੰਟ ਫੋਰਮ ਪੰਜਾਬ ਨੇ ਮੰਗ ਨੂੰ ਮੰਨ ਕੇ ਉਨ੍ਹਾਂ ਨੂੰ ਲਾਗੂ ਨਹੀਂ ਕੀਤਾ ਗਿਆ ਜਿਸ ਕਰਕੇ ਬਿਜਲੀ ਮੁਲਾਜ਼ਮਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਰਣਜੀਤ ਸਿੰਘ ਟੋਨਾ ਨੇ ਕਿਹਾ ਕਿ ਜੇਕਰ 9, 16, 23 ਸਾਲਾਂ ਸਕੇਲ ਜੋ ਬੰਦ ਪਏ ਹਨ ਤੁਰੰਤ ਚਾਲੂ ਨਾ ਕੀਤੇ, ਡੀ.ਏ. ਦੀਆਂ ਕਿਸ਼ਤਾਂ, ਉਨ੍ਹਾਂ ਦਾ ਏਰੀਅਰ ਨਾ ਦਿੱਤਾ ਤਾਂ ਇਸ ਤੋਂ ਤਿੱਖਾ ਸੰਘਰਸ਼ ਸ਼ੁਰੂ ਕੀਤਾ ਜਾਵੇਗਾ ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਚੇਅਰਮੈਨ ਦੀ ਹੋਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਰਿੰਦਰ ਸਿੰਘ ਸੈਣੀ, ਈਰਾ ਦੇਵੀ, ਅਨੂਪ ਕੁਮਾ, ਸੁਰਿੰਦਰ ਲਾਡੀ, ਗੁਰਦਿਆਲ ਸਿੰਘ, ਦਵਿੰਦਰ ਸਿੰਘ, ਬਲਜੀਤ ਸਿੰਘ ਆਦਿ ਹਾਜ਼ਰ ਸਨ।

AXIS BANK

ਰਿਟੇਲ ਐੱਸਟ ਸੈਂਟਰ : ਐਕਸਿਸ ਬੈਂਕ ਲਿਮਟਿਡ, : ਦੂਜੀ ਮੰਜ਼ਲ, ਜਾਇਦਾਦ # 7-ਏ, ਮਿਊਂਸਪਲ 3903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001 ਕਾਰਪੋਰੇਟ ਦਫਤਰ : "ਐਕਸਿਸ ਹਾਊਸ" , ਬਲਾਕ-ਬੀ, ਬੰਬੇ ਡਾਇੰਗ ਮਿੱਲਜ਼ ਕੰਪਾਊਂਡ, ਪਾਂਡੂਰੰਗ ਬੁਧਕਰ ਮਾਰਗ, ਵਰਲੀ, ਮੁੰਬਈ-400025 ਰਜਿਸਟਰਡ ਦਫਤਰ : 'ਤ੍ਰਿਸ਼ੂਲ', ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਮੰਦਰ, ਲਾਅ ਗਾਰਡਨ, ਐਲਿਸਬ੍ਰਿਜ ਅਹਿਮਦਾਬਾਦ-380006

ਸਰਫੇਸੀ ਐਕਟ 2002 ਤਹਿਤ ਕਬਜ਼ਾ ਨੋਟਿਸ

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਕਰਜ਼ਦਾਰਾਂ ਨੂੰ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਨੋਟਿਸ 'ਚ ਦਰਸਾਈ ਰਕਮ ਜਮ੍ਹਾਂ ਕਰਾਉਣ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ ਰਕਮ ਦੀ ਅਦਾਇਗੀ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਸੈਕਸ਼ਨ 13 (4) ਅਤੇ ਉਕਤ ਨਿਯਮ ਦੇ ਨਿਯਮ 8 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਦਰਜ ਮਿਤੀਆਂ ਨੂੰ ਹੇਠਾਂ ਦਰਜ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ 'ਤੇ ਐਕਸਿਸ ਬੈਂਕ ਲਿ. ਵੱਲੋਂ ਵਸੂਲੀ ਕੀਤੀ ਜਾਵੇਗੀ।

ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ : 1 ਸ੍ਰੀ ਰਾਜਬੀਰ ਸਿੰਘ ਪੁੱਤਰ ਸ੍ਰੀ ਅਜੀਤ ਸਿੰਘ ਵਿਦ 2 ਸ੍ਰੀਮਤੀ ਕਿਰਨਜੀਤ ਕੌਰ ਪਤਨੀ ਸ੍ਰੀ ਰਾਜਬੀਰ ਸਿੰਘ ਅਤੇ 3 ਸ੍ਰੀ ਵਿਸ਼ਾਲਬੀਰ ਸਿੰਘ ਵਿਦ ਪੁੱਤਰ ਸ੍ਰੀ ਸੰਦੀਪ ਸਿੰਘ ਵਿਦ, ਸਾਰੇ ਵਾਸੀ #4177 ਅਰਬਨ ਅਸਟੇਟ, ਫੇਸ 2, ਪਟਿਆਲਾ 147001, ਨਾਲ ਹੀ ਫਲੈਟ ਨੰਬਰ ਜੀ ਐੱਫ 02, ਗਰਾਊਂਡ ਫਲੋਰ, ਬਲਾਕ/ਟਾਵਰ ਬੀ-12, ਨਿਰਮਲ ਛਾਇਆ ਟਾਵਰਜ਼, ਵੀ ਆਈ ਪੀ ਰੋਡ, ਬਿਸ਼ਨਪੁਰਾ, ਐੱਮ ਸੀ ਜ਼ੀਰਕਪੁਰ, ਐੱਸ ਏ ਐੱਸ ਨਗਰ (ਮੁਹਾਲੀ), ਨਾਲ ਹੀ ਸ੍ਰੀਮਤੀ ਕਿਰਨਜੀਤ ਕੌਰ ਪਤਨੀ ਸ੍ਰੀ ਰਾਜਬੀਰ ਸਿੰਘ #303 ਜੀ ਐੱਚ ਐੱਸ ਓ ਨੰ: 36, ਸੈਕਟਰ 20, ਪੰਚਕੂਲਾ, ਹਰਿਆਣਾ/ਕਰਜ਼ਾ ਖਾਤਾ ਨੰਬਰ ਪੀ ਐੱਚ ਆਰ 019500713193

ਜਾਇਦਾਦ ਦਾ ਵੇਰਵਾ : ਬੈਨਾਮਾ ਨੰਬਰ 1832 ਮਿਤੀ 08-05-2013 ਅਨੁਸਾਰ ਸ੍ਰੀਮਤੀ ਕਿਰਨਜੀਤ ਕੌਰ ਪਤਨੀ ਸ੍ਰੀ ਰਾਜਬੀਰ ਸਿੰਘ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਫਲੈਟ ਨੰਬਰ ਜੀ ਐੱਫ 02, ਗਰਾਊਂਡ ਫਲੋਰ, ਬਲਾਕ/ਟਾਵਰ ਬੀ-12 (ਮੁਕੰਮਲਤਾ ਸਰਟੀਫਿਕੇਟ ਅਨੁਸਾਰ ਟਾਵਰ ਬਲਾਕ ਨੰਬਰ ਬੀ-3-326), ਸੁਪਰ ਖੇਤਰ 1895 ਵਰਗ ਫੁੱਟ, ਨਿਰਮਲ ਛਾਇਆ ਟਾਵਰਜ਼, ਵੀ ਆਈ ਪੀ ਰੋਡ, ਬਿਸ਼ਨਪੁਰਾ, ਐੱਮ ਸੀ ਜ਼ੀਰਕਪੁਰ, ਐੱਸ ਏ ਐੱਸ ਨਗਰ (ਮੋਹਾਲੀ), ਰਕਬਾ (0 ਵਿਘਾ-0 ਵਿਸਵਾ-12 ਬਿਸਵਾਸੀ), ਖੱਤਾ ਨੰਬਰ 152/200, ਖਸਰਾ ਨੰਬਰ 255, 12/600 ਹਿੱਸਾ, ਜੋ ਕਿ ਕੁੱਲ ਜ਼ਮੀਨ ਰਕਬਾ 4 ਵਿਘੇ 0 ਵਿਸਵਾ 'ਚੋਂ (0 ਵਿਘਾ-0 ਵਿਸਵਾ-12 ਬਿਸਵਾਸੀ) ਹੈ, ਨਾਲ ਸੰਬੰਧਤ ਸਭ ਕੁੱਝ।

ਡਿਮਾਂਡ ਨੋਟਿਸ ਦੀ ਮਿਤੀ	ਕਬਜ਼ੇ ਦੀ ਮਿਤੀ	ਬਕਾਇਆ ਰਕਮ : ਰੁਪਏ 1539, 198. 16 (ਪੰਦਰਾਂ ਲੱਖ ਉਨਤਾਲੀ ਹਜ਼ਾਰ ਇੱਕ ਸੌ ਅਠਾਨਵੇਂ ਰੁਪਏ ਅਤੇ ਸੋਲਾਂ ਪੈਸੇ ਕੇਵਲ)
26 ਅਕਤੂਬਰ 2022	04 ਦਸੰਬਰ 2023	

ਉਕਤ ਦਰਜ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਾਰੰਟਰਾਂ ਨੂੰ ਰਕਮ ਦੀ ਅਦਾਇਗੀ ਲਈ 30 ਦਿਨਾਂ ਦਾ ਨੋਟਿਸ ਦਿੱਤਾ ਜਾਂਦਾ ਹੈ। ਨਹੀਂ ਤਾਂ ਰਹਿਣ ਕੀਤੀ ਜਾਇਦਾਦ ਇਸ ਨੋਟਿਸ ਦੀ ਪ੍ਰਕਾਸ਼ਨਾ ਤੋਂ 30 ਦਿਨਾਂ ਦਾ ਸਮਾਂ ਖਤਮ ਹੋ ਜਾਣ 'ਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਤੇ 9 ਦੀਆਂ ਵਿਵਸਥਾਵਾਂ ਅਨੁਸਾਰ ਵੇਚ ਦਿੱਤੀ ਜਾਵੇਗੀ।

ਸਥਾਨ : ਲੁਧਿਆਣਾ
ਮਿਤੀ : 06.12.2023

ਅਧਿਕਾਰਤ ਅਫਸਰ
ਐਕਸਿਸ ਬੈਂਕ ਲਿਮਟਿਡ

Capital Small Finance Bank

HO:- MIDAS Corporate Park, 3rd Floor, 37, G.T. Road, Jalandhar-144001, Punjab, India.

ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (2002 ਦਾ 54) ਤਹਿਤ ਕੈਪੀਟਲ ਸਮਾਲ ਫਾਇਨਾਂਸ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟੀ ਇੰਟਰੈੱਸਟ ਇਨਫੋਰਸਮੈਂਟ ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ 1. ਮੈਸ. ਕਿਸਾਨ ਐਗਰੋ ਇੰਡਸਟ੍ਰੀਜ਼, ਅਹਿਮਦਗੜ੍ਹ ਰੋਡ, ਪਿੰਡ ਤੇ ਡਾਕਖਾਨਾ ਪੋਹੀੜ, ਲੁਧਿਆਣਾ ਰਾਹੀਂ ਇਸੇ ਦੇ ਭਾਈਵਾਲਾਂ (ਏ) ਸ੍ਰੀ ਮਨੀਸ਼ ਕੁਮਾਰ ਉਰਫ ਮਨੀਸ਼ ਸਿੰਗਲਾ ਪੁੱਤਰ ਮੋਹਨ ਲਾਲ ਵਾਸੀ ਮਕਾਨ ਨੰ. 142, ਗਲੀ ਨੰ. 5, ਖਾਲਸਾ ਗਰਲਜ਼ ਸਕੂਲ ਰੋਡ, ਅਹਿਮਦਗੜ੍ਹ, ਸੰਗਰੂਰ (ਬੀ) ਸ੍ਰੀਮਤੀ ਨਿਧੀ ਗੁਪਤਾ ਮਾਰਫਤ ਮਨੀਸ਼ ਸਿੰਗਲਾ ਵਾਸੀ ਮਕਾਨ ਨੰ. 68, ਗਲੀ ਨੰ. 5, ਖਾਲਸਾ ਗਰਲਜ਼ ਸਕੂਲ ਰੋਡ, ਅਹਿਮਦਗੜ੍ਹ, ਸੰਗਰੂਰ (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਅਤੇ ਗਰੰਟਰ 2. ਸ੍ਰੀ ਮੋਹਨ ਲਾਲ ਪੁੱਤਰ ਟੇਕ ਚੰਦ ਵਾਸੀ ਮਕਾਨ ਨੰ. 142, ਗਲੀ ਨੰ. 5, ਖਾਲਸਾ ਗਰਲਜ਼ ਸਕੂਲ ਰੋਡ, ਵਾਰਡ ਨੰ. 14 ਅਹਿਮਦਗੜ੍ਹ, ਸੰਗਰੂਰ, ਪੰਜਾਬ-148021, 3. ਸ੍ਰੀਮਤੀ ਸੁਨੀਤਾ ਰਾਣੀ ਪਤਨੀ ਮੋਹਨ ਲਾਲ ਵਾਸੀ ਮਕਾਨ ਨੰ. 142, ਗਲੀ ਨੰ. 5, ਖਾਲਸਾ ਗਰਲਜ਼ ਸਕੂਲ ਰੋਡ, ਅਹਿਮਦਗੜ੍ਹ, ਸੰਗਰੂਰ 4. ਸ੍ਰੀ ਮਨੀਸ਼ ਕੁਮਾਰ ਉਰਫ ਮਨੀਸ਼ ਸਿੰਗਲਾ ਪੁੱਤਰ ਮੋਹਨ ਲਾਲ ਵਾਸੀ ਮਕਾਨ ਨੰ. 142, ਗਲੀ ਨੰ. 5, ਖਾਲਸਾ ਗਰਲਜ਼ ਸਕੂਲ ਰੋਡ, ਅਹਿਮਦਗੜ੍ਹ, ਸੰਗਰੂਰ 5. ਸ੍ਰੀਮਤੀ ਨਿਧੀ ਗੁਪਤਾ ਮਾਰਫਤ ਮਨੀਸ਼ ਸਿੰਗਲਾ ਵਾਸੀ ਮਕਾਨ ਨੰ. 68, ਗਲੀ ਨੰ. 5, ਖਾਲਸਾ ਗਰਲਜ਼ ਸਕੂਲ ਰੋਡ, ਅਹਿਮਦਗੜ੍ਹ, ਸੰਗਰੂਰ (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਨੂੰ ਡਿਮਾਂਡ ਨੋਟਿਸ ਦੀ ਮਿਤੀ 'ਤੇ ਬਕਾਇਆ ਰਕਮ ਸੀ ਸੀ ਲਿਮਟ-ਐਡਹਾਕ ਲਿਮਟ/030300000053 'ਚ ਰੁ. 33,25,267/-ਡਬਲਯੂ ਸੀ ਟੀ ਐੱਲ-11/030612000070 'ਚ 50,84,509/-ਡਬਲਯੂ ਸੀ ਟੀ ਐੱਲ-11/030612000147 'ਚ ਰੁ. 12,95,148 ਅਤੇ ਡਬਲਯੂ ਸੀ ਟੀ ਐੱਲ-IV (ਈ ਸੀ ਐੱਲ ਜੀ ਐੱਸ) 030612000249 'ਚ ਰੁ. 11,11,920/-ਉਕਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੰਦਿਆਂ 05.05.2023 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰਾਂ ਸਾਰੀ ਬਕਾਇਆ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ, ਕਰਜ਼ਦਾਰਾਂ, ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ 9 ਰੂਲ ਨਾਲ ਪੜ੍ਹੇ ਜਾਂਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਸੰਕੇਤਕ ਕਬਜ਼ਾ ਹਾਸਲ ਕਰ ਲਿਆ ਹੈ।

ਉਪਲੱਬਧ ਸਮੇਂ ਦਾ ਸਕਿਉਰਡ ਐੱਸਟ ਦੇ ਪੁਨਰ ਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਕਰਜ਼ਦਾਰਾਂ ਅਤੇ ਗਰੰਟਰ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਨਾ ਕੀਤੇ ਜਾਣ ਦੀ ਚਿਤਾਵਨੀ ਦਿੱਤੀ ਜਾਂਦੀ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੀ ਬਕਾਇਆ ਰਕਮ ਸੀ ਸੀ ਲਿਮਟ+ਐਡਹਾਕ ਲਿਮਟ/030300000053 'ਚ ਰੁ. 33,25,267/-ਡਬਲਯੂ ਸੀ ਟੀ ਐੱਲ-11/030612000070 'ਚ 50,84,509/-ਡਬਲਯੂ ਸੀ ਟੀ ਐੱਲ-111 (ਈ ਸੀ ਐੱਲ ਜੀ ਐੱਸ)/-030612000147 'ਚ ਰੁ. 12,95,148 ਅਤੇ ਡਬਲਯੂ ਸੀ ਟੀ ਐੱਲ-IV (ਈ ਸੀ ਐੱਲ ਜੀ ਐੱਸ) 030612000249 'ਚ ਰੁ. 11,11,920/- ਸਮੇਤ 01.05.2023 ਤੋਂ ਭਵਿੱਖੀ ਵਿਆਜ ਦੀ ਵਸੂਲੀ ਹੇਠ ਹੋਵੇਗੀ।

ਪ੍ਰਾਇਮਰੀ ਸਕਿਉਰਟੀ : ਕਰਜ਼ਾ ਵਹੀਆਂ ਅਤੇ ਭੰਡਾਰ ਦੀ ਹਾਈਪੋਥੀਕੇਸ਼ਨ

1. ਅਚੱਲ ਜਾਇਦਾਦ ਦਾ ਉੱਚਿਤ ਗਿਰਵੀਨਾਮਾ : ਬੈਨਾਮਾ ਵਸੀਕਾ ਨੰ. 774 ਮਿਤੀ 15-10-2013 ਅਨੁਸਾਰ ਸੁਨੀਤਾ ਰਾਣਾ ਪਤਨੀ ਮੋਹਨ ਲਾਲ ਦੀ ਮਲਕੀਅਤ ਜਾਇਦਾਦ ਰਕਬਾ 3 ਕਨਾਲ 9-1/13 ਮਰਲੇ (2089.5 ਵਰਗ ਗਜ਼), ਪਿੰਡ ਪੋਹੀੜ, ਹਦਬਸਤ ਨੰ. 338, ਸਬ-ਤਹਿਸੀਲ ਡੇਹਲੋਂ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ।

2. ਅਚੱਲ ਜਾਇਦਾਦ ਦਾ ਉੱਚਿਤ ਗਿਰਵੀਨਾਮਾ : ਗਿਫਟ ਬੈਨਾਮਾ ਵਸੀਕਾ ਨੰ. 2276 ਮਿਤੀ 27.02.2013 ਅਨੁਸਾਰ ਸੁਨੀਤਾ ਰਾਣੀ ਪਤਨੀ ਮੋਹਨ ਲਾਲ ਦੀ ਮਲਕੀਅਤ ਜਾਇਦਾਦ ਰਕਬਾ 7 ਮਰਲੇ (210 ਵਰਗ ਗਜ਼)=ਵਾਕਿਆ ਰਕਬਾ ਬਹਾਦੁਰਗੜ੍ਹ, ਤਹਿਸੀਲ ਮਾਲੇਰਕੋਟਲਾ, ਜ਼ਿਲ੍ਹਾ ਸੰਗਰੂਰ ਨਾਲ ਸੰਬੰਧਤ ਸਭ ਕੁਝ।

ਸਥਾਨ : ਜਲੰਧਰ ਮਿਤੀ : 05/12/2023 ਸਹੀ/- ਅਧਿਕਾਰਤ ਅਫਸਰ

ਉਤਰ ਰੇਲਵੇ

ਈ-ਨਿਵਿਦਾ ਸੂਚਨਾ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਸਾਧਾਰਨ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤ

6-DEC-PAGE-7.qxd 12/5/2023 11:05 PM Page 1

ਕਲਮਛੋੜ ਹੜਤਾਲ ਕਾਰਨ ਸਰਕਾਰੀ ਦਫਤਰਾਂ 'ਚ ਛਾਇਆ ਸੰਨਾਟਾ

ਸੰਗਰੂਰ (ਪ੍ਰਵੀਨ ਸਿੰਘ)

ਜਿਲ੍ਹਾ ਸੰਗਰੂਰ ਦੇ ਮਨਿਸਟੀਰੀਅਲ ਮੁਲਾਜ਼ਮਾਂ ਵੱਲੋਂ ਜਿਲ੍ਹਾ ਪ੍ਰਧਾਨ ਰਾਕੇਸ਼ ਸ਼ਰਮਾ, ਸੂਬਾ ਵਿੱਤ ਸਕੱਤਰ ਅਨੁਜ ਸ਼ਰਮਾ ਦੀ ਅਗਵਾਈ 'ਚ ਖਜਾਨਾ ਦਫਤਰ ਵਿਖੇ ਕਲਮਛੋੜ ਹੜਤਾਲ ਦੇ 28ਵੇਂ ਦਿਨ ਵੀ ਮੰਗਾਂ ਪੂਰੀਆਂ ਨਾ ਹੋਣ ਦੇ ਰੋਸ ਵਜੋਂ ਭਾਰੀ ਗਿਣਤੀ ਮੁਲਾਜਮਾਂ ਦੇ ਇਕੱਠ ਵੱਲੋਂ ਰੋਸ ਭਰਪੂਰ ਗੇਟ ਰੈਲੀ ਕੀਤੀ ਗਈ। ਇਸ ਮੌਕੇ ਵੱਖ ਵੱਖ ਵਿਭਾਗਾਂ ਦੇ ਆਗੂ ਜਿਸ 'ਚ ਮੁੱਖ ਤੌਰ 'ਤੇ ਜੋਗਿੰਦਰ ਸਿੰਘ ਪ੍ਰਧਾਨ ਡੀ ਸੀ ਦਫਤਰ ਕਰਮਚਾਰੀ ਯੂਨੀਅਨ ਸੰਗਰੂਰ, ਗੁਰਦਰਸ਼ਨ ਸਿੰਘ ਜੱਸਲ ਆਗੂ ਜਸਸ ਵਿਭਾਗ, ਮਨਪ੍ਰੀਤ ਕੌਰ ਜਨਰਲ ਸਕੱਤਰ ਹੈਲਥ ਵਿਭਾਗ, ਹਰਵਿੰਦਰ ਸਿੰਘ ਕਾਲਾ ਘਰਾਚੋਂ ਮੀਤ ਪ੍ਰਧਾਨ, ਅੰਮ੍ਰਿਤਪਾਲ ਕੌਰ ਸਿੱਖਿਆ ਵਿਭਾਗ, ਸੰਜੋਲੀ ਵਿੱਤ ਸਕੱਤਰ ਜਸਸ ਵਿਭਾਗ, ਸੰਦੀਪ ਕੌਰ ਫੂਡ ਸਪਲਾਈ, ਕੁਲਵਿੰਦਰ ਸਿੰਘ ਹੈਲਥ, ਤਰਸੇਮ ਖੰਨਾ ਮੱਛੀ ਪਾਲਣ, ਅਮਰੀਕ ਸਿੰਘ ਪੂਨੀਆ ਜਿਲਾ ਸੀਨੀਅਰ ਮੀਤ ਪ੍ਰਧਾਨ, ਨਿਵੇਦਿਤਾ, ਸ਼ਗਨਦੀਪ ਸਿੰਘ, ਹਰਪ੍ਰੀਤ ਕੌਰ ਆਦਿ ਆਗੂਆਂ ਨੇ ਗੇਟ ਰੈਲੀ ਦੌਰਾਨ ਸੰਬੋਧਨ ਕਰਦਿਆਂ ਕਿਹਾ ਕਿ ਸੂਬੇ ਭਰ ਵਿੱਚ ਮਨਿਸਟੀਰੀਅਲ ਮੁਲਾਜਮਾਂ ਦੀ ਹੜਤਾਲ ਅੱਜ 27ਵੇਂ ਦਿਨ ਵਿੱਚ ਦਾਖਿਲ ਹੋ ਗਈ ਹੈ ਪਰ ਸਰਕਾਰ ਦੇ ਕੰਨਾਂ ਤੇ ਅਜੇ ਤੱਕ ਜੂੰ ਨਹੀਂ ਸਰਕੀ।

ਇਸ ਮੌਕੇ ਭਰਾਤਰੀ ਜਥੇਬੰਦੀਆਂ ਵੱਲੋਂ ਵੀ ਪੈਨਸ਼ਨਰ ਆਗੂ ਅਤੇ ਮੁਲਾਜਮ ਜਥੇਬੰਦੀਆਂ ਦੇ ਆਗੂ ਵੀ ਗੇਟ ਰੈਲੀ ਵਿੱਚ ਸਾਥੀਆਂ ਨਾਲ ਸ਼ਾਮਲ ਹੋਏ। ਸਮੂਹ ਆਗੂਆਂ ਵੱਲੋਂ ਸੰਬੋਧਨ ਦੌਰਾਨ ਚਿਤਾਵਨੀ ਭਰੇ ਲਹਿਜੇ 'ਚ ਕਿਹਾ ਗਿਆ ਕਿ ਸੂਬਾਈ ਆਗੂ ਅਨੁਜ ਸ਼ਰਮਾ ਦੀ ਵਿਕਟੇਮਾਈਜ਼ੇਸ਼ਨ ਤਹਿਤ ਕੀਤੀ ਬਦਲੀ ਸਰਕਾਰ ਤੁਰੰਤ ਰੱਦ ਨਹੀਂ ਕਰਦੀ ਹੈ ਤਾਂ ਸਰਕਾਰ ਨੂੰ ਇਸ ਦੇ ਗੰਭੀਰ ਨਤੀਜੇ ਭੁਗਤਣੇ ਪੈ ਸਕਦੇ ਹਨ।

ਬੀ ਐੱਡ ਸਮੈਸਟਰ ਚੌਥਾ ਦੇ ਨਤੀਜੇ 'ਚ ਜਸਪ੍ਰੀਤ ਕੌਰ ਅੱਵਲ

ਰਾਮਪੁਰਾ ਫੂਲ (ਦਰਸ਼ਨ ਜਿੰਦਲ)

ਮਾਤਾ ਸੁੰਦਰੀ ਗਰੁੱਪ ਆਫ ਇੰਸਟੀਚਿਊਸ਼ਨਜ ਦੀ ਸਾਖਾ ਮਾਤਾ ਸੁੰਦਰੀ ਗਰਲਜ ਕਾਲਜ ਆਫ਼ ਐਜੂਕੇਸ਼ਨ ਢੱਡੇ ਦੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪਿਛਲੇ ਦਿਨੀ ਐਲਾਨੇ ਗਏ ਬੀ.ਐੱਡ ਭਾਗ ਦੂਜਾ (ਸਮੈਸਟਰ ਚੌਥਾ) ਦਾ ਨਤੀਜਾ ਸ਼ਾਨਦਾਰ ਰਿਹਾ। ਸੰਸਥਾ ਦੇ ਚੇਅਰਮੈਨ ਕੁਲਵੰਤ ਸਿੰਘ ਢੱਡੇ ਅਤੇ ਗੁਰਬਿੰਦਰ ਸਿੰਘ ਬੱਲੀ ਨੇ ਕਿਹਾ ਕਿ ਸਾਡਾ ਮਿਸ਼ਨ ਸਮਾਜ ਲਈ ਵਿਦਿਆਰਥੀਆਂ ਨੂੰ ਤਰਾਸ਼ ਕੇ ਚੰਗੇ ਸਲੀਕੇ ਵਾਲੇ ਅਧਿਆਪਕ ਬਣਾਉਣਾ ਹੈ। ਅਧਿਆਪਕ ਹੋਣਾ ਆਪਣੇ ਆਪ ਵਿੱਚ ਬਹੁਤ ਹੀ ਗੌਰਵਮਈ ਹੈ। ਇਸ ਮਿਸ਼ਨ ਤਹਿਤ ਹੀ ਸਾਡੀ ਸੰਸਥਾ ਹਮੇਸ਼ਾ ਤਤਪਰ ਰਹਿੰਦੀ ਹੈ ਕਿ ਸਮਾਜ ਨੂੰ ਅਜਿਹੇ ਅਧਿਆਪਕ ਦਿੱਤੇ ਜਾਣ, ਜੋ ਰੁਜ਼ਗਾਰ ਦੇ ਨਾਲ ਨਾਲ ਮਨੁੱਖੀ ਕਦਰਾਂ ਕੀਮਤਾਂ ਦਾ ਪਾਠ ਵੀ ਪੜ੍ਹਾਉਣ। ਡਾਇਰੈਕਟਰ ਐਡਮਨਿਸ਼ਟ੍ਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਹੁਣ ਤੱਕ ਨਿਕਲੀਆਂ ਸਰਕਾਰੀ ਨੌਕਰੀਆਂ ਵਿੱਚ ਸਾਡੀ ਸੰਸਥਾ ਦੀਆਂ ਅਨੇਕਾਂ ਵਿਦਿਆਰਥਣਾਂ ਸਰਕਾਰੀ ਨੌਕਰੀਆਂ ਪ੍ਰਾਪਤ ਕਰ ਕੇ ਆਪਣਾ, ਆਪਣੇ ਮਾਤਾ-ਪਿਤਾ ਅਤੇ ਸੰਸਥਾ ਦਾ ਨਾਂਅ ਰੌਸ਼ਨ ਕਰ ਚੁੱਕੀਆਂ ਹਨ, ਜੋ ਸੰਸਥਾ ਅਤੇ ਇਲਾਕੇ ਲਈ ਬਹੁਤ ਗੌਰਵਮਈ ਗੱਲ ਹੈ। ਸੰਸਥਾ ਦੇ ਪ੍ਰਿੰਸੀਪਲ ਪ੍ਰੋ. ਰਾਜ ਸਿੰਘ ਬਾਘਾ ਨੇ ਦੱਸਿਆ ਕਿ ਇਸ ਸਾਲ ਦੇ ਨਤੀਜੇ ਲਈ ਸਮੂਹ ਸਟਾਫ ਅਤੇ ਇਨ੍ਹਾਂ ਹੋਣਹਾਰ ਵਿਦਿਆਰਥਣਾਂ ਦੀ ਮਿਹਨਤ ਰੰਗ ਲਿਆਈ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀ ਦੇ ਬੌਧਿਕ ਵਿਕਾਸ ਦਾ ਸਿਹਰਾ ਹਮੇਸ਼ਾ ਉਸਦੇ ਅਧਿਆਪਕ ਨੂੰ ਜਾਂਦਾ ਹੈ। ਬੀ.ਐੱਡ ਵਿਭਾਗ ਦੇ ਮੁਖੀ ਪ੍ਰੋ. ਵੀਰਪਾਲ ਕੌਰ ਨੇ ਦੱਸਿਆ ਕਿ ਸਾਡੇ ਬੀ.ਐੱਡ ਵਿਭਾਗ ਦੀ ਬਹੁਤ ਹੀ ਹੋਣਹਾਰ ਵਿਦਿਆਰਥਣ ਜਸਪ੍ਰੀਤ ਕੌਰ ਨੇ 82.2% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਵੀਰਪਾਲ ਕੌਰ ਨੇ 80.2% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਪ੍ਰਿਅੰਕਾ ਨੇ 79.86% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। ਸੰਸਥਾ ਦੇ ਖ਼ਜ਼ਾਨਚੀ ਮੈਡਮ ਪ੍ਰਸ਼ੋਤਮ ਕੌਰ ਤੇ ਪ੍ਰਸ਼ਾਸਕੀ ਡਾਇਰੈਕਟਰ ਮੈਡਮ ਸਿੰਬਲਜੀਤ ਕੌਰ ਨੇ ਸਮੂਹ ਸਟਾਫ ਅਤੇ ਵਿਦਿਆਰਥਣਾਂ ਨੂੰ ਸ਼ੁਭ ਇਛਾਵਾਂ ਦਿੱਤੀਆਂ ਅਤੇ ਇਸ ਸ਼ਾਨਦਾਰ ਨਤੀਜੇ ਦੀ ਵਧਾਈ ਦਿੱਤੀ। ਇਸ ਮੌਕੇ ਪ੍ਰੋਫੈਸਰ ਪ੍ਰੋ. ਅਮਨਦੀਪ ਕੌਰ (ਐਜੂਕੇਸ਼ਨ), ਜਸਵਿੰਦਰ ਸਿੰਘ (ਮੁਖੀ ਫਿਜੀਕਲ ਵਿਭਾਗ), ਪ੍ਰੋ. ਮਨਪ੍ਰੀਤ ਕੌਰ (ਮੁਖੀ ਸਾਇੰਸ ਵਿਭਾਗ), ਪ੍ਰੋ. ਹਰਸ਼ ਰਾਣੀ (ਮੁਖੀ ਕਮਰਸ ਵਿਭਾਗ), ਪ੍ਰੋ. ਵੈਸ਼ਾਲੀ (ਗਣਿਤ ਵਿਭਾਗ), ਪ੍ਰੋ. ਰਣਜੀਤ ਕੌਰ (ਮੁਖੀ ਕੰਪਿਊਟਰ ਵਿਭਾਗ), ਪ੍ਰੋ. ਰਾਜਵਿੰਦਰ ਕੌਰ (ਮੁਖੀ ਸਮਾਜ ਸ਼ਾਸ਼ਤਰ ਵਿਭਾਗ), ਪ੍ਰੋ. ਸ਼ਾਮ ਲਾਲ (ਪੰਜਾਬੀ ਵਿਭਾਗ), ਪ੍ਰੋ. ਸੋਨਦੀਪ ਕੌਰ (ਮੁਖੀ ਐਫ.ਟੀ ਵਿਭਾਗ), ਪ੍ਰੋ. ਰਵਿੰਦਰ ਕੁਮਾਰ (ਮੁਖੀ ਹਿੰਦੀ ਵਿਭਾਗ), ਵੀਰਇੰਦਰ ਕੌਰ, ਪ੍ਰੋ. ਮਨਦੀਪ ਕੌਰ ਤੇ ਪ੍ਰੋ. ਅਰੁਣ ਕੁਮਾਰ ਹਾਜ਼ਰ ਸਨ।

ਐੱਮ ਐੱਲ ਡੀ ਸਕੂਲ ਵਿਖੇ 'ਟਾਪਰਡੇ'

ਜਗਰਾਉਂ (ਅਮਿਤ ਖੰਨਾ)-ਐੱਮ ਐੱਲ ਡੀ ਸੀਨੀ. ਸੈਕੰ. ਸਕੂਲ ਤਲਵੰਡੀ ਕਲਾਂ ਵਿਖੇ 'ਟਾਪਰਡੇ' ਮੌਕੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਸਮਾਗਮ ਦੌਰਾਨ ਸਕੂਲ ਦੇ ਸੈਸ਼ਨ 2022-23 ਦੇ ਸਾਲਾਨਾ ਨਤੀਜਿਆਂ 'ਚੋਂ ਪਹਿਲੇ, ਦੂਜੇ ਅਤੇ ਤੀਸਰੇ ਸਥਾਨ ਤੋਂ ਇਲਾਵਾ ਵਿਸ਼ੇਸ਼ ਪ੍ਰਾਪਤੀਆਂ ਅਤੇ ਸਾਰਾ ਸਾਲ ਸਕੂਲ 'ਚੋਂ ਕੋਈ ਵੀ ਛੁੱਟੀ ਨਾ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮਾਂ ਦੀ ਵੰਡ ਕੀਤੀ ਗਈ। ਇਨਾਮਾਂ ਦੀ ਵੰਡ ਪ੍ਰਿੰਸੀਪਲ ਬਲਦੇਵ ਦਾਸ ਬਾਵਾ ਨੇ ਕੀਤੀ। ਇਸ ਮੌਕੇ ਛੇਵੀਂ ਤੋਂ ਬਾਰ੍ਹਵੀਂ ਕਲਾਸਾਂ ਦੇ ਜੋ ਵਿਦਿਆਰਥੀ ਆਪਣੇ ਸਾਈਕਲ ਤੇ ਸਕੂਲ ਆਉਂਦੇ ਹਨ। ਉਹਨਾਂ ਦਾ ਵੀ ਸਕੂਲ ਵੱਲੋਂ ਮੈਡਲ ਪਾ ਕੇ ਸਨਮਾਨ ਕੀਤਾ ਗਿਆ। ਵੱਖ ਵੱਖ ਪ੍ਰਾਪਤੀਆਂ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਪ੍ਰਿੰਸੀਪਲ ਬਲਦੇਵ ਬਾਵਾ ਨੇ ਕਿਹਾ ਕਿ ਵਿਦਿਆਰਥੀ ਆਪਣੀਆਂ ਜ਼ੁੰਮੇਵਾਰੀਆਂ ਨੂੰ ਸਮਝਦੇ ਹੋਏ ਅਨੁਸਾਸ਼ਨ 'ਚ ਰਹਿ ਕੇ ਪੜ੍ਹਾਈ ਕਰਨ ਅਤੇ ਗਲਤ ਸੰਗਤ ਤੋਂ ਦੂਰ ਰਹਿਣ ਉਹਨਾਂ ਕਿਹਾ ਕਿ ਮਿਹਨਤ ਨਾਲ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਦੇ ਸ਼ਾਨਦਾਰ ਕੈਰੀਅਰ ਦੇ ਬਹੁਤ ਮੌਕੇ ਹਨ। ਉਹਨਾਂ ਕਿਹਾ ਕਿ ਪੋਂਡੂ ਖੇਤਰ ਦੀ ਸੰਸਥਾ 'ਚ ਪੜ੍ਹਾਈ ਕਰਕੇ ਵਿਦਿਆਰਥੀ ਦੇਸ਼ ਅਤੇ ਵਿਦੇਸ਼ਾਂ 'ਚ ਨਾਂਅ ਖੱਟ ਰਹੇ ਹਨ ਅਤੇ ਸੰਸਥਾ ਦਾ ਨਾਂਅ ਰੌਸ਼ਨ ਕਰ ਰਹੇ ਹਨ। ਇਸ ਮੌਕੇ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਇਸ ਮੌਕੇ ਸਮੂਹ ਸਟਾਫ਼ ਹਾਜ਼ਰ ਸੀ।

ਸਾਡੇ ਦੇਸ਼ ਦੇ ਬੱਚਿਆਂ 'ਚ ਹੁਨਰ ਦੀ ਘਾਟ ਨਹੀਂ : ਦਲੀਪ ਸਿੰਘ

ਬਰਨਾਲਾ (ਰਾਜਿੰਦਰ ਬਰਾੜ, ਰਿਸ਼ੀ ਗੋਇਲ)-ਐਮ ਐੱਡ ਐਮ ਪਬਲਿਕ ਸਕੂਲ ਨਾਗਰੀ ਵਿਖੇ ਸਕੂਲ ਮੈਨੇਜਮੈਂਟ ਦੀ ਦੇਖ-ਰੇਖ 'ਚ ਸ਼ਾਨਦਾਰ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ, ਜਿਸ 'ਚ ਸਕੂਲ ਬੱਚਿਆਂ ਨੇ ਆਪਣੀਆਂ ਵੱਖ-ਵੱਖ ਪੇਸ਼ਕਾਰੀਆਂ ਰਾਹੀਂ ਖੂਬ ਰੰਗ ਬੰਨ ਕੇ ਹਾਜ਼ਰੀਨ ਦੀ ਵਾਹਵਾਹੀ ਖੱਟੀ। ਸਮਾਗਮ 'ਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਨਿਊਜ਼ੀਲੈਂਡ ਇਕਾਈ ਦੇ ਬੁਲਾਰੇ ਦਲੀਪ ਸਿੰਘ ਐਨ ਆਰ ਆਈ ਮੁੱਖ ਮਹਿਮਾਨ ਸਨ, ਜਦੋਂਕਿ ਪਾਰਟੀ ਦੇ ਪੀ ਏ ਸੀ ਮੈਂਬਰ ਬਹਾਦਰ ਸਿੰਘ ਭਸੌੜ ਅਤੇ ਜਿਲ੍ਹਾ ਸੰਗਰੂਰ ਦੇ ਪ੍ਰਧਾਨ ਹਰਜੀਤ ਸਿੰਘ ਸੰਜੂਮਾਂ ਨੇ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਮੂਲੀਅਤ ਕੀਤੀ, ਜਿਨ੍ਹਾਂ ਨੂੰ ਸਕੂਲ ਮੈਨੇਜਮੈਂਟ ਵੱਲੋਂ ਪ੍ਰਿੰਸੀਪਲ ਰਮਨਦੀਪ ਕੌਰ ਵੱਲੋਂ ਸਨਮਾਨਿਤ ਕੀਤਾ ਗਿਆ। ਸੱਭਿਆਚਾਰਕ ਸਮਾਗਮ ਦੌਰਾਨ ਸਕੂਲੀ ਬੱਚਿਆਂ ਨੇ ਗਿੱਧਾ, ਭੰਗੜਾ, ਡਾਂਸ, ਕੋਰਿਓਗ੍ਰਾਫੀ ਆਦਿ ਵੱਖ-ਵੱਖ ਪੇਸ਼ਕਾਰੀਆਂ ਰਾਹੀਂ ਹਾਜ਼ਰੀਨ ਦਾ ਮਨੋਰੰਜਨ ਕਰਕੇ ਖੂਬ ਵਾਹਵਾਹੀ ਖੱਟੀ। ਪ੍ਰਿੰਸੀਪਲ ਰਮਨਦੀਪ ਕੌਰ ਨੇ ਸਕੂਲ ਦੀ ਸਾਲਾਨਾ ਕਾਰਗੁਜਾਰੀ ਦੀ ਰਿਪੋਰਟ ਪੇਸ਼ ਕੀਤੀ। ਦਲੀਪ ਸਿੰਘ ਨਿਊਜ਼ੀਲੈਂਡ ਨੇ ਕਿਹਾ ਕਿ ਸਾਡੇ ਦੇਸ ਦੇ ਬੱਚਿਆਂ ਵਿੱਚ ਹੁਨਰ ਦੀ ਘਾਟ ਨਹੀਂ ਹੈ, ਬੱਸ ਲੋੜ ਹੈ ਇਨ੍ਹਾਂ ਹੋਣਹਾਰ ਬੱਚਿਆਂ ਨੂੰ ਸਹੀ ਸੇਧ ਅਤੇ ਮੌਕੇ ਪ੍ਰਦਾਨ ਕਰਨ ਦੀ। ਉਨ੍ਹਾਂ ਕਿਹਾ ਕਿ ਜੇਕਰ ਬੱਚਿਆਂ ਨੂੰ ਸਹੀ ਗਿਆਨ ਅਤੇ ਮੌਕੇ ਦਿੱਤੇ ਜਾਣ ਤਾਂ ਸਾਡੇ ਦੇਸ਼ ਦੇ ਬੱਚੇ ਵੀ ਵਿਸ਼ਵ ਪੱਧਰ ਦੀਆਂ ਪ੍ਰਤੀਯੋਗਤਾਵਾਂ 'ਚ ਮੱਲ੍ਹਾਂ ਮਾਰ ਕੇ ਦੇਸ਼ ਦਾ ਨਾਂਅ ਚਮਕਾ ਸਕਦੇ ਹਨ। ਇਸ ਮੌਕੇ ਕਰਨਵੀਰ ਸਿੰਘ ਸੰਗਰੂਰ, ਅਰਸ਼ਦੀਪ ਸੰਧੂ ਰੋਗਲਾ ਤੋਂ ਇਲਾਵਾ ਸਮੂਹ ਸਕੂਲ ਸਟਾਫ ਅਤੇ ਵੱਡੀ ਗਿਣਤੀ 'ਚ ਬੱਚਿਆਂ ਦੇ ਮਾਪੇ ਹਾਜ਼ਰ ਸਨ।

ਸਿਹਤ ਕਾਮਿਆਂ ਨੇ ਦੂਜੇ ਦਿਨ ਸਰਕਾਰ ਖ਼ਿਲਾਫ਼ ਕੱਢੀ ਭੜਾਸ

ਮਮਦੋਟ (ਜਸਬੀਰ ਸਿੰਘ ਕੰਬੋਜ)

ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਨੂੰ ਲੈ ਕੇ ਅਪਣਾਏ ਜਾ ਰਹੇ ਅੜੀਅਲ ਰਵਈਏ ਕਾਰਨ ਦੂਜੇ ਦਿਨ ਸੀ.ਐਚ.ਸੀ ਵਿਖੇ ਪੀ.ਸੀ.ਐਮ.ਐਸ ਐਸੋਸੀਏਸ਼ਨ, ਮਾਸ ਮੀਡੀਆ ਆਫਿਸਰਜ ਐਸੋਸੀਏਸ਼ਨ, ਮੈਡੀਕਲ ਲੈਬੋਰੇਟਰੀ ਟੈਕਨੀਸ਼ੀਅਨ ਐਸੋਸੀਏਸ਼ਨ, ਸਟਾਫ਼ ਨਰਸਿਜ ਐਸੋਸੀਏਸ਼ਨ, ਐਨ.ਐਚ.ਐਮ ਐਸੋਸੀਏਸ਼ਨ, ਪੈਰਾ ਮੈਡੀਕਲ ਸਟਾਫ਼ ਵੱਲੋਂ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਵਿਰੁੱਧ ਦੋ ਘੰਟੇ ਕੰਮ ਕਾਜ ਠੱਪ ਕਰਕੇ ਹਸਪਤਾਲ ਦੇ ਗੇਟ ਮੂਹਰੇ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਰੋਸ ਮੁਜਾਹਰੇ ਦੀ ਅਗਵਾਈ ਕਰਦਿਆਂ ਡਾ. ਰੇਖਾ ਭੱਟੀ ਮੈਡੀਕਲ ਅਫਸਰ, ਡਾ. ਪਟੇਲ ਅਨੁਪਮ, ਡਾ. ਪੱਲਵੀ, ਅੰਕੁਸ਼ ਭੰਡਾਰੀ, ਸ਼ਕਤੀ ਧਵਨ, ਮਹਿੰਦਰਪਾਲ, ਗੁਰਪ੍ਰੀਤ ਪੁਰੀ ਨੇ ਕਿਹਾ ਕਿ ਪੰਜਾਬ ਸਟੇਟ ਮਨਿਸਟ੍ਰੀਅਲ ਕ੍ਰਮਚਾਰੀ ਯੂਨੀਅਨ ਵੱਲੋਂ ਬੀਤੇ ਕਈ ਦਿਨਾਂ ਤੋਂ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਦਾ ਡਟ ਕੇ ਵਿਰੋਧ ਕੀਤਾ ਜਾ ਰਿਹਾ ਹੈ, ਪਰ ਸਰਕਾਰ ਦੇ ਕੰਨ ਹੇਠ ਜੂੰ ਤੱਕ ਨਹੀਂ ਸਰਕ ਰਹੀ। ਉਨ੍ਹਾਂ ਕਿਹਾ ਕਿ ਇਸ ਕਰਕੇ ਸਿਹਤ ਵਿਭਾਗ ਦੀਆਂ ਸਮੁੱਚੀਆਂ ਜਥੇਬੰਦੀਆਂ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ ਸਰਕਾਰ ਦੇ ਵਿਰੁੱਧ ਹਰ ਰੋਜ਼ ਸਵੇਰੇ ਦੋ ਘੰਟੇ ਕੰਮ ਕਾਜ ਠੱਪ ਕਰਕੇ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਰਿਚਰਡ, ਅਮਰਜੀਤ, ਮੈਡਮ ਆਸ਼ੂ, ਮੈਡਮ ਰਿੰਪਲ, ਮੈਡਮ ਪਰਮਿੰਦਰ, ਮੈਡਮ ਜਮਨਾ, ਗੁਰਵਿੰਦਰ ਸਿੰਘ, ਮੈਡਮ ਜਿੰਨੀ, ਕਰਨਜੀਤ, ਮਲਕੀਤ ਸਿੰਘ, ਸਮੇਤ ਵੱਡੀ ਗਿਣਤੀ ਵਿੱਚ ਸਿਹਤ ਕਾਮੇ ਮੌਜੂਦ ਸਨ।

'ਆਪ' ਆਗੂ ਮੋਹਿਤ ਕੁੰਦਰਾ ਨੂੰ ਸਦਮਾ, ਪਿਤਾ ਦਾ ਦਿਹਾਂਤ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਆਮ ਆਦਮੀ ਪਾਰਟੀ ਦੇ ਆਗੂ ਅਤੇ ਸਰਵਹਿੱਤਕਾਰੀ ਸ੍ਰੀ ਰਾਮਲੀਲਾ ਕਮੇਟੀ ਮਾਛੀਵਾੜਾ ਦੇ ਚੇਅਰਮੈਨ ਮੋਹਿਤ ਕੁੰਦਰਾ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਪਿਤਾ ਤੇ ਉੱਘੇ ਸ਼ਰਾਬ ਠੇਕੇਦਾਰ ਸੋਹਣ ਲਾਲ ਕੁੰਦਰਾ ਦਾ ਸੰਖੇਪ ਬਿਮਾਰੀ ਉਪਰੰਤ ਦਿਹਾਂਤ ਹੋ ਗਿਆ। ਇੱਥੋਂ ਦੇ ਸਮਸ਼ਾਨਘਾਟ ਵਿਖੇ ਸੋਹਣ ਲਾਲ ਕੁੰਦਰਾ ਦਾ ਅੰਤਿਮ ਸਸਕਾਰ ਕਰ ਦਿੱਤਾ ਗਿਆ ਜਿੱਥੇ ਪਰਵਾਰ ਅਤੇ ਇਲਾਕਾ ਨਿਵਾਸੀਆਂ ਨੇ ਉਨ੍ਹਾਂ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ। ਇਸ ਮੌਕੇ ਮੋਹਿਤ ਕੁੰਦਰਾ, ਸਾਬਕਾ ਚੇਅਰਮੈਨ ਦਰਸ਼ਨ ਕੁਮਾਰ ਕੁੰਦਰਾ ਅਤੇ ਸਾਬਕਾ ਪ੍ਰਧਾਨ ਸੁਰਿੰਦਰ ਕੁੰਦਰਾ ਨਾਲ ਦੁੱਖ ਦਾ ਪ੍ਰਗਟਾਵਾ ਕਰਨ ਲਈ ਵਿਸ਼ੇਸ਼ ਤੌਰ 'ਤੇ ਪੁਲਸ ਦੇ ਉੱਚ ਅਧਿਕਾਰੀ ਏ ਡੀ ਜੀ ਪੀ (ਪੀ ਏ ਪੀ) ਐੱਮ ਐੱਫ ਫਰੂਕੀ, ਏ ਆਈ ਜੀ ਗੁਰਸ਼ਰਨ ਸਿੰਘ ਗਰੇਵਾਲ, ਐੱਸ ਐੱਸ ਪੀ ਮੁਖਵਿੰਦਰ ਸਿੰਘ ਭੁੱਲਰ, ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਸਾਬਕਾ ਵਿਧਾਇਕ ਜਗਜੀਵਨ ਸਿੰਘ ਖੀਰਨੀਆਂ, ਪ੍ਰਧਾਨ ਕਰਨਵੀਰ ਸਿੰਘ ਢਿੱਲੋਂ, ਐੱਸ.ਪੀ. ਮਨਦੀਪ ਸਿੰਘ ਗਿੱਲ, ਡੀ ਸੀ ਪੀ ਨਰੇਸ਼ ਡੋਗਰਾ, ਡੀ ਐੱਸ ਪੀ ਏ ਜੀਟੀ ਐੱਫ ਰਾਜਨ ਪਰਮਿੰਦਰ, ਡੀ ਐੱਸ ਪੀ ਜਸਪਿੰਦਰ ਸਿੰਘ, ਇੰਸਪੈਕਟਰ ਬਲਜਿੰਦਰ ਸਿੰਘ, ਇੰਸਪੈਕਟਰ ਦਵਿੰਦਰਪਾਲ ਸਿੰਘ, ਥਾਣਾ ਮੁਖੀ ਭਿੰਦਰ ਸਿੰਘ ਖੰਗੂੜਾ, ਕਾਰਜ ਸਾਧਕ ਅਫ਼ਸਰ ਗੁਰਪਾਲ ਸਿੰਘ, ਸਾਬਕਾ ਪ੍ਰਧਾਨ ਉਜਾਗਰ ਸਿੰਘ ਬੈਨੀਪਾਲ, ਸਾਬਕਾ ਈ.ਓ. ਸੁਖਸਾਗਰ ਸਿੰਘ, ਸੁਸ਼ੀਲ ਲੂਥਰਾ, ਆੜ੍ਹਤੀ ਐਸੋ. ਦੇ ਪ੍ਰਧਾਨ ਤੇਜਿੰਦਰ ਸਿੰਘ ਕੂੰਨਰ, ਪ੍ਰਧਾਨ ਹਰਜਿੰਦਰ ਸਿੰਘ ਖੇੜਾ, ਸ਼ੈਲਰ ਐਸੋ. ਦੇ ਪ੍ਰਧਾਨ ਰੁਪਿੰਦਰ ਸਿੰਘ ਬੈਨੀਪਾਲ, ਸਤੀਸ਼ ਮਿੱਤਲ, ਗੁਰਨਾਮ ਸਿੰਘ ਨਾਗਰਾ, ਅਸ਼ੋਕ ਸੂਦ, ਜੇ.ਪੀ. ਸਿੰਘ ਮੱਕੜ, ਬਲਾਕ ਸੰਮਤੀ ਮੈਂਬਰ ਹਰ

6-Dec-PAGE-8.qxd 12/5/2023 11:25 PM Page 1

ਮੁਲਾਜ਼ਮ ਤੇ ਪੈਨਸ਼ਨਰ ਮੰਗਾਂ ਦੀ ਪ੍ਰਾਪਤੀ ਲਈ ਸਾਂਝੇ ਘੋਲ ਸਮੇਂ ਦੀ ਮੁੱਖ ਲੋੜ : ਰਾਣਾ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਸਥਾਨਕ ਗੁਰੂ ਰਵਿਦਾਸ ਮੰਦਰ ਸੈਕਟਰ-3 ਦੇ ਡਾ. ਅੰਬੇਦਕਰ ਹਾਲ 'ਚ ਪੰਜਾਬ ਪੈਨਸ਼ਨਰਜ਼ ਐਸੋਸਿਏਸ਼ਨ ਤਹਿਸੀਲ ਮੁਕੇਰੀਆਂ ਵੱਲੋਂ ਸਲਾਨਾ 16ਵਾਂ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਤਹਿਸੀਲ ਪ੍ਰਧਾਨ ਗਿਆਨ ਸਿੰਘ ਗੁਪਤਾ ਦੀ ਅਗਵਾਈ ਹੇਠ ਕਰਵਾਏ ਸਮਾਗਮ ਦੀ ਪ੍ਰਧਾਨਗੀ ਜ਼ਿਲ੍ਹਾ ਪ੍ਰਧਾਨ ਕੁਲਵਰਨ ਸਿੰਘ ਨੇ ਕੀਤੀ। ਉੱਥੇ ਹੀ ਪੰਜਾਬ ਸੁਬਾਰਡੀਨੇਟ ਸਰਵਿਸਿਸ ਫੈਡਰੇਸ਼ਨ (ਪਸਸਫ਼) ਦੇ ਸੂਬਾ ਪ੍ਰਧਾਨ ਅਤੇ ਪੰਜਾਬ-ਯੂਟੀ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਦੇ ਕਨਵੀਨਰ ਸਤੀਸ਼ ਰਾਣਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਪਿਆਰਾ ਸਿੰਘ, ਸ਼ਮਸ਼ੇਰ ਸਿੰਘ ਧਾਮੀ, ਦਲਬੀਰ ਸਿੰਘ ਦਸੂਹਾ, ਨਰਿੰਦਰ ਗੋਲੀ ਮੁਕੇਰੀਆਂ, ਰਮੇਸ਼ ਸਹੋਤਾ ਆਦਿ ਪੈਨਸ਼ਨਰਾਂ ਨੇ ਪੰਜਾਬ ਸਰਕਾਰ ਵੱਲੋਂ 6ਵੇਂ ਤਨਖ਼ਾਹ ਕਮਿਸ਼ਨ ਦੀ ਲਾਗੂ ਕੀਤੀ ਰਿਪੋਰਟ ਨੂੰ ਨੁਕਸਦਾਰ ਦਸਿਆ। ਡੀਏ ਦੀਆਂ ਬਕਾਇਆ ਕਿਸ਼ਤਾਂ 'ਤੇ ਪੰਜਾਬ ਸਰਕਾਰ ਵੱਲੋਂ ਵੱਟੀ ਚੁੱਪ 'ਤੇ ਸਵਾਲ ਖੜ੍ਹੇ ਕੀਤੇ। ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਸੂਬਾ ਕਨਵੀਨਰ ਜਸਵੀਰ ਤਲਵਾੜਾ ਨੇ 'ਆਪ' ਸਰਕਾਰ 'ਤੇ ਪੁਰਾਣੀ ਪੈਨਸ਼ਨ ਬਹਾਲ ਕਰਨ ਦੇ ਮੁੱਦੇ 'ਤੇ ਧਾਰੀ ਟਾਲ ਮਟੌਲ ਦੀ ਨੀਤੀ ਦੀ ਕਰੜੇ ਸ਼ਬਦਾਂ 'ਚ ਨਿਖੇਧੀ ਕੀਤੀ। ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ ਦੇ ਸੂਬਾ ਜਨਰਲ ਸਕੱਤਰ ਧਰਮਿੰਦਰ ਸਿੰਘ ਨੇ ਨੌਜਵਾਨਾਂ ਦੀਆਂ ਸਮੱਸਿਆਵਾਂ 'ਤੇ ਵਿਚਾਰ ਰੱਖੇ। ਮੁੱਖ ਮਹਿਮਾਨ ਸਾਥੀ ਸਤੀਸ਼ ਰਾਣਾ ਨੇ ਕੇਂਦਰ ਅਤੇ ਰਾਜ ਸਰਕਾਰ ਦੀਆਂ ਮੁਲਾਜ਼ਮ, ਪੈਨਸ਼ਨਰ ਅਤੇ ਜਨ ਵਿਰੋਧੀ ਨੀਤੀਆਂ ਦੇ ਪਾਜ ਉਧੇੜਦਿਆਂ ਕਿਹਾ ਕਿ ਸਰਕਾਰੀ ਅਦਾਰਿਆਂ ਨੂੰ ਵੇਚ ਕੇ ਹਾਕਮ ਜਮਾਤ ਕਾਰਪੋਰੇਟਾਂ ਦਾ ਢਿੱਡ ਭਰ ਰਹੀ ਹੈ। ਦੇਸ਼ 'ਚ ਅਮੀਰੀ ਗਰੀਬੀ ਦੇ ਪਾੜੇ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਬੇਰੁਜ਼ਗਾਰੀ ਅਤੇ ਮਹਿੰਗਾਈ ਛਲਾਂਗਾਂ ਮਾਰ ਕੇ ਵਧ ਰਹੀ ਹੈ, ਕੁਰਬਾਨੀਆਂ ਨਾਲ ਹਾਸਲ ਕੀਤੇ ਕਿਰਤੀ ਜਮਾਤ ਦੇ ਹੱਕ ਖੋਹੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਲੋਕ ਦੋਖੀ ਨੀਤੀਆਂ ਖ਼ਿਲਾਫ਼ ਸਾਂਝੇ ਘੋਲ ਸਮੇਂ ਦੀ ਮੁੱਖ ਲੋੜ ਹੈ। ਇਤਿਹਾਸਕ ਕਿਸਾਨ ਅੰਦੋਲਨ ਇਸਦੀ ਮਿਸਾਲ ਹੈ। ਪੰਜਾਬ 'ਚ ਵੀ ਮੁਲਾਜ਼ਮ ਅਤੇ ਪੈਨਸ਼ਨਰ ਵੀ ਪੰਜਾਬ ਯੂਟੀ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਦੇ ਬੈਨਰ ਹੇਠਾਂ ਸਾਂਝਾ ਸੰਘਰਸ਼ ਕੀਤਾ ਜਾ ਰਿਹਾ ਹੈ। ਜਿਸ ਦੀਆਂ ਮਿਸਾਲੀ ਪ੍ਰਾਪਤੀਆਂ ਵੀ ਹੋਈਆਂ ਹਨ। ਇਸ ਮੌਕੇ ਐਸੋਸਿਏਸ਼ਨ ਦੇ ਤਹਿਸੀਲ ਵਿੱਤ ਸਕੱਤਰ ਉਤੱਮ ਸਿੰਘ ਨੇ ਵਿੱਤੀ ਰੀਪੋਰਟ ਪੜ੍ਹੀ। ਜਨਰਲ ਸਕੱਤਰ ਯੁਗਰਾਜ ਸਿੰਘ ਨੇ ਪਿਛਲੇ ਸਮੇਂ 'ਚ ਕੀਤੇ ਸੰਘਰਸ਼ ਅਤੇ ਪ੍ਰਾਪਤੀਆਂ ਬਾਰੇ ਹਾਜ਼ਰੀਨ ਨੂੰ ਜਾਣੂ ਕਰਵਾਇਆ। ਸਮਾਗਮ ਦੌਰਾਨ 80 ਬਸੰਤਾਂ ਦੇਖ ਚੁੱਕੇ 14 ਬਜ਼ੁਰਗ ਪੈਨਸ਼ਨਰਾਂ ਨੂੰ ਪ੍ਰਬੰਧਕ ਕਮੇਟੀ ਨੇ ਸਨਮਾਨਿਤ ਕੀਤਾ। ਮੰਚ ਸੰਚਾਲਨ ਦੀ ਭੂਮਿਕਾ ਸ਼ਿਵ ਕੁਮਾਰ ਅਮਰੋਹੀ ਨੇ ਨਿਭਾਈ। ਹੋਰਨਾਂ ਤੋਂ ਇਲਾਵਾ ਇਸ ਮੌਕੇ ਬੀਰ ਸਿੰਘ, ਵਰਿੰਦਰ ਵਿੱਕੀ, ਰਾਜੀਵ ਸ਼ਰਮਾ, ਮੇਲਾ ਸਿੰਘ, ਕਰਤਾਰ ਸਿੰਘ ਪਲਿਆਲ, ਸਵਰਨ ਸਿੰਘ, ਕੁੰਦਨ ਲਾਲ, ਬਿਸ਼ਨ ਦਾਸ, ਸੋਹਨ ਸਿੰਘ, ਤਰਸੇਮ ਲਾਲ ਆਦਿ ਵੱਡੀ ਗਿਣਤੀ ਪੈਨਸ਼ਨਰ ਹਾਜ਼ਰ ਸਨ।

ਸੰਗਰੂਰ ਵਿਖੇ 10 ਨੂੰ ਮੁੱਖ ਮੰਤਰੀ ਪੰਜਾਬ ਦੀ ਰਿਹਾਇਸ਼ ਦਾ ਕੀਤਾ ਜਾਵੇਗਾ ਘਿਰਾਓ : ਕੰਪਿਊਟਰ ਅਧਿਆਪਕ ਯੂਨੀਅਨ

ਜਲੰਧਰ (ਰਾਜੇਸ਼ ਥਾਪਾ)

ਪੰਜਾਬ ਸਰਕਾਰ ਦੇ ਲਾਰੇ ਲੱਪੇ ਅਤੇ ਟਾਲ ਮਟੋਲ ਦੀ ਨੀਤੀ ਅਤੇ ਕੰਪਿਊਟਰ ਅਧਿਆਪਕਾਂ ਪ੍ਰਤੀ ਅਪਣਾਏ ਜਾ ਰਹੇ ਅੜੀਅਲ ਵਤੀਰੇ ਦੇ ਰੋਸ ਵਜੋਂ ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਗੁਰਵਿੰਦਰ

ਸਿੰਘ ਤਰਨਤਾਰਨ ਅਤੇ ਸੂਬਾ ਕਮੇਟੀ ਨੇ ਮੀਟਿੰਗ ਕਰਕੇ 10 ਦਸੰਬਰ ਨੂੰ ਸੰਗਰੂਰ ਵਿਖੇ ਮੁੱਖ ਮੰਤਰੀ ਪੰਜਾਬ ਦੀ ਰਿਹਾਇਸ਼ ਦਾ ਘਿਰਾਓ ਕਰਨ ਦਾ ਫੈਸਲਾ ਲਿਆ ਗਿਆ। ਜ਼ਿਲ੍ਹਾ ਜਲੰਧਰ ਪ੍ਰਧਾਨ ਰਮਨ ਕੁਮਾਰ ਅਤੇ ਸੂਬਾ ਕਮੇਟੀ ਮੈਂਬਰ ਹਰਜਿੰਦਰ ਮਹਿਸਮਪੁਰ ਸੂਬਾ ਪ੍ਰੈੱਸ ਸਕੱਤਰ ਨੇ ਆਪਣੇ ਸਾਂਝੇ ਤੌਰ 'ਤੇ ਪ੍ਰੈਸ ਬਿਆਨ ਰਾਹੀਂ ਜਾਣਕਾਰੀ ਦਿੱਤੀ ਕਿ ਪੰਜਾਬ ਸਰਕਾਰ ਨੇ ਕੰਪਿਊਟਰ ਅਧਿਆਪਕਾਂ ਦੇ ਪੰਜਾਬ ਸਿਵਲ ਸਰਵਿਸ ਸੇਵਾ ਨਿਯਮ ਪੂਰਨ ਰੂਪ ਵਿਚ ਲਾਗੂ ਕਰਨਾ, 6ਵਾਂ ਪੇਅ ਕਮਿਸ਼ਨ, ਏ.ਸੀ.ਪੀ., ਨੌਕਰੀ ਦੌਰਾਨ ਮੌਤ ਹੋ ਜਾਣ ਕਰਕੇ ਆਸ਼ਰਿਤਾਂ ਨੂੰ ਸਰਕਾਰੀ ਸੇਵਾ ਵਿੱਚ ਨੌਕਰੀ, ਮੈਡੀਕਲ ਪ੍ਰਤੀਪੂਰਤੀ, ਫੈਮਿਲੀ ਪੈਨਸ਼ਨ, ਛੁੱਟੀਆਂ ਅਤੇ ਹੋਰ ਵਿੱਤੀ ਲਾਭ ਜਬਰੀ ਰੋਕੇ ਗਏ ਹਨ । ਜਦ ਕਿ ਜੁਲਾਈ 2011 ਨੂੰ ਮੌਕੇ ਦੀ ਪੰਜਾਬ ਸਰਕਾਰ ਨੇ ਕੰਪਿਊਟਰ ਅਧਿਆਪਕਾਂ ਨੂੰ ਪੰਜਾਬ ਸਿਵਲ ਸਰਵਿਸ ਸੇਵਾ ਨਿਯਮਾਂ ਤਹਿਤ ਇਹਨਾਂ ਦੀ ਸੇਵਾਵਾਂ ਨੂੰ ਨਿਯਮਤ ਕੀਤਾ ਗਿਆ ਸੀ।ਜਿਕਰਯੋਗ ਹੈ 15 ਸਤੰਬਰ 2022 ਨੂੰ ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਨੇ ਕੰਪਿਊਟਰ ਅਧਆਪਕਾਂ ਨੂੰ ਫੌਰੀ ਰਾਹਤ ਵਜੋਂ ਕੰਪਿਊਟਰ ਅਧਿਆਪਕਾਂ ਨੂੰ "6ਵਾਂ ਤਨਖਾਹ ਕਮਿਸ਼ਨ ਅਤੇ ਇਹਨਾਂ ਤੇ ਪੰਜਾਬ ਸਿਵਲ ਸਰਵਿਸ ਸੇਵਾ ਨਿਯਮ ਪੂਰਨ ਰੂਪ ਵਿਚ ਲਾਗੂ ਕਰਨ ਦਾ ਐਲਾਨ " ਅਖਬਾਰਾਂ , ਸ਼ੋਸ਼ਲ ਮੀਡੀਆ ਅਤੇ ਆਮ ਆਦਮੀ ਪਾਰਟੀ ਦੇ ਵੱਖ ਮੋਰਾਂ 'ਤੇ ਕੀਤਾ ਗਿਆ ਸੀ ਪਰ ਇਸ ਐਲਾਨ ਨੂੰ ਪੰਜਾਬ ਸਰਕਾਰ ਅੱਜ ਤੱਕ ਲਾਗੂ ਨਹੀਂ ਕਰ ਸਕੀ ਜਿਸ ਕਾਰਨ ਕੰਪਿਊਟਰ ਅਧਿਆਪਕਾਂ ਵਿੱਚ ਸਰਕਾਰ ਪ੍ਰਤੀ ਭਾਰੀ ਰੋਸ ਅਤੇ ਨਿਰਾਸ਼ਾ ਪਾਈ ਜਾ ਰਹੀ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਬਨਣ ਤੋਂ ਅੱਜ ਤੱਕ ਜੱਥੇਬੰਦੀ ਦੀਆ ਲੱਗਭਗ 40 ਮੀਟਿੰਗਾਂ ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ, ਹਰਪਾਲ ਸਿੰਘ ਚੀਮਾ ਵਿੱਤ ਮੰਤਰੀ ਪੰਜਾਬ, ਸਰਕਾਰ ਦੀ ਸਬ ਕਮੇਟੀ ਅਤੇ ਸਿੱਖਿਆ ਅਤੇ ਵਿੱਤ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਕੰਪਿਊਟਰ ਅਧਿਆਪਕਾਂ ਦੇ ਮਸਲਿਆ ਨੂੰ ਹੱਲ ਕਰਨ ਲਈ ਹੋ ਚੁੱਕੀਆ ਹਨ, ਪਰ ਅੱਜ ਤੱਕ ਕੋਈ ਵੀ ਠੋਸ ਹੱਲ ਨਹੀਂ ਕੀਤਾ ਗਿਆ। ਜੱਥੇਬੰਦੀ ਦੇ ਆਗੂਆਂ ਨੇ ਪੰਜਾਬ ਸਰਕਾਰ ਤੇ ਦੋਸ਼ ਲਗਾਉਂਦੇ ਦੱਸਿਆ ਕਿ 90 ਦੇ ਕਰੀਬ ਮ੍ਰਿਤਕ ਕੰਪਿਊਟਰ ਅਧਿਆਪਕਾਂ ਦੇ ਪਰਵਾਰਾਂ ਨਾਲ ਇਨਸਾਫ ਨਹੀਂ ਕੀਤਾ ਕਿਉਂਕਿ ਉਹਨਾਂ ਦੇ ਪਰਵਾਰ ਦੇ ਮੈਂਬਰਾਂ ਨੂੰ ਨਾ ਨੌਕਰੀ ਦਿੱਤੀ ਅਤੇ ਨਾ ਹੀਂ ਇੱਕ ਕੌਡੀ ਦੀ ਆਰਥਿਕ ਮਦਦ ਕੀਤੀ ਗਈ । ਜੇਕਰ 8 ਦਸੰਬਰ ਨੂੰ ਸਰਕਾਰ ਦੀ ਜੱਥੇਬੰਦੀ ਨਾਲ ਹੋਣ ਵਾਲੀ ਮੀਟਿੰਗ ਵਿੱਚ ਕੰਪਿਊਟਰ ਅਧਿਆਪਕਾਂ ਦੇ ਮਸਲਿਆਂ ਦਾ ਕੋਈ ਠੋਸ ਹੱਲ ਨਾ ਕੀਤਾ ਤਾਂ ਸੂਬਾ ਪੱਧਰੀ ਰੈਲੀ ਰਾਹੀ ਆਰ-ਪਾਰ ਦਾ ਸੰਘਰਸ਼ ਝੱਲਣ ਲਈ ਪੰਜਾਬ ਸਰਕਾਰ ਤਿਆਰ ਰਹੇ, ਜਿਸ ਦੀ ਪੂਰੀ ਜਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ । ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦੇ ਆਖਿਆ ਜੇਕਰ ਕੰਪਿਊਟਰ ਅਧਿਆਪਕਾਂ ਦੀਆਂ ਜਾਇਜ ਅਤੇ ਹੱਕੀ ਮੰਗਾਂ ਨੂੰ ਪ੍ਰਵਾਨ ਨਹੀ ਕਰਦੀ ਤਾਂ ਹੋਣ ਵਾਲੇ ਆਮ ਆਦਮੀ ਪਾਰਟੀ ਸਮਾਗਮਾਂ ਵਿੱਚ ਘੁਸਪੈਠ ਕਰਕੇ ਪੰਜਾਬ ਸਰਕਾਰ ਦੇ ਕੰਪਿਊਟਰ ਅਧਿਆਪਕ ਅਤੇ ਲੋਕ ਵਿਰੋਧੀ ਚਿਹਰੇ ਨੂੰ ਨੰਗਾ ਕੀਤਾ ਜਾਵੇਗਾ । ਇਸ ਵਕਤ ਸੁਸ਼ੀਲ ਕੁਮਾਰ ਮੀਤ ਪ੍ਰਧਾਨ ਰਵਿੰਦਰ ਕੁਮਾਰ, ਸੁਖਵਿੰਦਰ ਸਿੰਘ ਜਨਰਲ ਸਕੱਤਰ, ਅਸ਼ੋਕ ਕੁਮਾਰ, ਮਨਦੀਪ ਕੁਮਾਰ, ਦੀਪਕ ਸੱਲਣ, ਬਲਜੀਤ ਸਿੰਘ ਭੁੱਲਰ, ਇਕਬਾਲ ਸਿੰਘ, ਸੁਖਵਿੰਦਰ ਮਾਹੀ, ਅਜੇ ਕੁਮਾਰ, ਰੋਹਿਤ ਸੋਬਤੀ ਅਤੇ ਹੋਰ ਬਹੁਤ ਸਾਰੇ ਮੈਂਬਰ ਹਾਜਰ ਸਨ।

ਜੀ ਡੀ ਗੋਇਨਕਾ ਸਕੂਲ ਕਰਾਟੇ ਚੈਂਪੀਅਨ ਬਣਿਆ

ਕਪੂਰਥਲਾ (ਹਨੀ)-ਜੀ.ਡੀ.ਗੋਇਨਕਾ ਇੰਟਰਨੈਸ਼ਨਲ ਸਕੂਲ ਕਪੂਰਥਲਾ ਦੇ ਵਿਦਿਆਰਥੀਆਂ ਨੇ ਸੀ.ਕੇ. ਸੀ. 'ਪੰਜਾਬ ਸਟੇਟ ਕਰਾਟੇ ਚੈਂਪੀਅਨਸ਼ਿਪ 2023 'ਚ ਸ਼ਾਨਦਾਰ ਪ੍ਰਦਰਸਨ ਕੀਤਾ। ਐਚ ਐਮ ਵੀ ਕਾਲਜ ਜਲੰਧਰ ਵਿਖੇ ਹੋਏ ਕਰਾਟੇ ਮੁਕਾਬਲਿਆਂ ਵਿੱਚ 45 ਤੋਂ ਵੱਧ ਸਕੂਲਾਂ ਦੇ ਲਗਭਗ 600 ਵਿਦਿਆਰਥੀਆਂ ਨੇ ਭਾਗ ਲਿਆ। ਇਹ ਮੁਕਾਬਲਾ ਵੱਖ-ਵੱਖ ਵਰਗਾਂ ਵਿੱਚ ਕਰਵਾਇਆ ਗਿਆ। ਜਿਸ ਵਿੱਚ ਗੋਇਨਕਾ ਸਕੂਲ ਦੇ ਨਿਸ਼ਾਂਤਪ੍ਰੀਤ ਸਿੰਘ , ਨਵਜੋਤ ਸਿੰਘ, ਰਾਜਵੀਰ ਸਿੰਘ , ਜੈਸਮੀਨ ਕੌਰ ਅਤੇ ਰੁਦਰ ਸ਼ਰਮਾ ਨੇ ਸੋਨੇ ਦਾ ਤਗਮਾ ਜਿੱਤ ਕੇ ਪਹਿਲਾ ਸਥਾਨ ਹਾਸਲ ਕੀਤਾ । ਹੁਸਨਜੋਸ਼ ,ਗੁਰਜਾਪ ਸਿੰਘ, ਮਨਵੀਰ ਸਿੰਘ ਅਤੇ ਏਂਜਲਪ੍ਰੀਤ ਕੌਰ ਨੇ ਚਾਂਦੀ ਦਾ ਤਗਮਾ ਜਿੱਤ ਕੇ ਦੂਜਾ ਅਤੇ ਹਰਗੁਣ ਸਿੰਘ, ਵਿਹਾਨ ਸ਼ਰਮਾ, ਸਾਹਿਬਦੀਪ ਸਿੰਘ, ਜਪਜੀਪ੍ਰੀਤ ਕੌਰ ਅਤੇ ਮੋਹਿਤਪ੍ਰੀਤ ਸਿੰਘ ਨੇ ਵਧੀਆ ਪ੍ਰਦਰਸ਼ਨ ਕਰਦਿਆਂ ਤੀਜਾ ਸਥਾਨ ਹਾਸਲ ਕੀਤਾ । ਜੇਤੂ ਵਿਦਿਆਰਥੀਆਂ ਦੀ ਚੋਣ ਗੋਆ ਅਤੇ ਦੁਬਈ ਵਿੱਚ ਹੋਣ ਵਾਲੀ ਇੰਟਰਨੈਸ਼ਨਲ ਚੈਂਪੀਅਨਸ਼ਿਪ ਲਈ ਕੀਤੀ ਗਈ। ਪ੍ਰਿੰਸੀਪਲ ਪਵਲਜੀਤ ਕੌਰ ਨੇ ਦੱਸਿਆ ਕਿ ਜਤਿੰਦਰ ਕੁਮਾਰ ਮੋਟੋਰ 'ਕੋਬਰਾ ਕਰਾਟੇ ਅਕੈਡਮੀ' ਨੇ ਵਿਦਿਆਰਥੀਆਂ ਨੂੰ ਤਿਆਰ ਕੀਤਾ । ਵਿਦਿਆਰਥੀਆਂ ਦੇ ਇਸ ਉਤਸ਼ਾਹ ਨੂੰ ਦੇਖਦਿਆਂ ਸਕੂਲ ਦੇ ਚੇਅਰਮੈਨ ਸੁਖਦੇਵ ਸਿੰਘ, ਸਕੱਤਰ ਪਰਮਿੰਦਰ ਕੌਰ ਅਤੇ ਪ੍ਰਿੰਸੀਪਲ ਪਵਲਜੀਤ ਕੌਰ ਨੇ ਸਮੂਹ ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਨੂੰ ਇਸ ਉਪਲਬਧੀ 'ਤੇ ਵਧਾਈ ਦਿੱਤੀ।

ਪ੍ਰਕਾਸ਼ ਦਿਹਾੜੇ ਸੰਬੰਧੀ ਨਗਰ ਕੀਰਤਨ ਸਜਾਇਆ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)-ਸ੍ਰੀ ਗੁਰੂ ਨਾਨਕ ਦੇਵ ਜੀ ਦੇ 544ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਪਿੰਡ ਕਾਲੂਵਾਲ ਕੋਟਲਾ ਵਿਖੇ ਮਹਾਨ ਨਗਰ ਕੀਰਤਨ ਸ਼ਰਧਾ, ਸਤਿਕਾਰ ਤੇ ਖਾਲਸਾਈ ਸ਼ਾਨੋਂ ਸ਼ੌਕਤ ਨਾਲ ਸਜਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਤੇ ਪੰਜਾਂ ਪਿਆਰਿਆਂ ਦੀ ਅਗਵਾਈ 'ਚ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਗਰ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸਜਾਏ ਗਏ ਨਗਰ ਕੀਰਤਨ ਦੀ ਆਰੰਭਤਾ 'ਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਮਹਾਨ ਨਗਰ ਕੀਰਤਨ ਦਾ ਪਿੰਡ ਦੇ ਵੱਖ-ਵੱਖ ਪੜਾਵਾ 'ਚ ਸੰਗਤ ਵੱਲੋਂ ਫੁੱਲਾਂ ਦੀ ਵਰਖਾ ਕਰਦਿਆਂ ਸਵਾਗਤ ਕੀਤਾ ਗਿਆ। ਵਿਸ਼ਾਲ ਨਗਰ ਕੀਰਤਨ ਸਮੁੱਚੇ ਪਿੰਡ ਦੀ ਪਰਿਕਰਮਾ ਕਰਨ ਉਪਰੰਤ ਦੇਰ ਸ਼ਾਮ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ ਸੰਪੂਰਨ ਹੋਇਆ। ਇਸ ਮੌਕੇ ਪ੍ਰਧਾਨ ਪ੍ਰੀਤਮ ਸਿੰਘ, ਸੈਕਟਰੀ ਕੁਲਵੰਤ ਕੌਰ, ਦਰਸ਼ਨ ਸਿੰਘ, ਲਖਵਿੰਦਰ ਸਿੰਘ, ਸਰਬਜੀਤ ਸਿੰਘ ਸਾਬੀ, ਨੰਬਦਾਰ ਕੁਲਵਿੰਦਰ ਸਿੰਘ ਕੋਟਲਾ ਕਿੰਦਾ, ਸੁੱਖਚਰਨ ਸਿੰਘ ਇੰਗਲੈਂਡ, ਸਤਪਾਲ ਕੌਰ ਸੱਤੀ, ਨਸੀਬ ਸਿੰਘ, ਬਲਕਾਰ ਸਿੰਘ, ਅਮਰਜੀਤ ਸਿੰਘ, ਬਾਬਾ ਗੁਰਦੇਵ ਸਿੰਘ, ਗੁਰਦੀਪ ਸਿੰਘ, ਜਤਿੰਦਰ ਸਿੰਘ ਇੰਗਲੈਂਡ, ਹਰਮਨਜੋਤ ਸਿੰਘ, ਸੰਤ ਬਾਬਾ ਹੀਰਾ ਸਿੰਘ ਖਾਲਸਾ, ਇੰਸਪੈਕਟਰ ਦੀਪ ਸਿੰਘ, ਪ੍ਰਧਾਨ ਅਜੀਤ ਸਿੰਘ, ਚਰਨ ਸਿੰਘ ਤੇ ਵੱਡੀ ਗਿਣਤੀ 'ਚ ਸੰਗਤ ਹਾਜ਼ਰ ਸੀ।

ਬਿਜਲੀ ਕਾਮਿਆਂ ਵੱਲੋਂ ਜੁਆਇੰਟ ਫੋਰਮ ਦੇ ਸੱਦੇ 'ਤੇ ਮੰਗਾਂ ਮਨਵਾਉਣ ਲਈ ਇੱਕ ਰੋਜ਼ਾ ਹੜਤਾਲ

ਖਰੜ (ਹਰਨਾਮ ਸਿੰਘ ਡੱਲਾ)

ਜੁਆਇੰਟ ਫੋਰਮ ਅਤੇ ਟੈਕਨੀਕਲ ਸਰਵਿਸਸ ਯੂਨੀਅਨ (ਭੰਗਲ) ਦੇ ਸੱਦੇ 'ਤੇ ਮੋਰਿੰਡਾ ਡਿਵੀਜਨ ਦੇ ਬਿਜਲੀ ਕਾਮਿਆਂ ਵੱਲੋਂ ਇੱਕ ਰੋਜਾ ਮੁਕੰਮਲ ਹੜਤਾਲ ਕੀਤੀ ਗਈ, ਜਿਸ ਦੌਰਾਨ ਡਿਵੀਜਨ ਦਫਤਰ ਖਰੜ ਵਿਖੇ ਵਿਸ਼ਾਲ ਰੈਲੀ ਕੀਤੀ ਗਈ ਇਸ ਰੈਲੀ ਨੂੰ ਜੁਆਇੰਟ ਫੋਰਮ ਆਗੂ ਸੁਖਵਿੰਦਰ ਸਿੰਘ ਦੁੱਮਣਾ ਸਰਕਲ ਆਗੂ ਦਵਿੰਦਰ ਸਿੰਘ, ਡਿਵੀਜਨ ਪ੍ਰਧਾਨ ਭੁਪਿੰਦਰ ਸਿੰਘ ਟੀ ਐਸ ਯੂ, ਵਰਿੰਦਰ ਸਿੰਘ ਡਿਵੀਜਨ ਪ੍ਰਧਾਨ ਐਮ ਐਸ ਯੂ ਸਾਬਕਾ ਸਰਕਲ ਆਗੂ ਬਲਵਿੰਦਰ ਸਿੰਘ ਟੀ ਐਸ ਯੂ, ਡਿਵੀਜਨ ਸਕੱਤਰ ਬਲਜਿੰਦਰ ਸਿੰਘ ਟੀ ਐਸ ਯੂ, ਸ਼ਿਵਰਾਮ ਟੀ ਐਸ ਯੂ ਆਗੂ, ਜਗਦੀਪ ਸਿੰਘ ਜੇ ਈ ਟੀ ਐਸ ਯੂ, ਸਬ ਡਿਵੀਜਨ ਖਰੜ ਸਕੱਤਰ ਸ਼ੇਰ ਸਿੰਘ, ਸੁਖਵਿੰਦਰ ਸਿੰਘ ਪ੍ਰਧਾਨ ਕੁਰਾਲੀ ਆਦਿ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਿਜਲੀ ਕਾਮਿਆਂ ਦੀਆਂ ਹੱਕੀ ਅਤੇ ਜਾਇਜ ਮੰਗਾਂ ਜਿਵੇਂ ਕਿ ਪੇ ਕਮਿਸ਼ਨ ਦੀ ਰਿਪੋਰਟ ਸਹੀ ਰੂਪ 'ਚ ਲਾਗੂ ਕਰਨ ਅਤੇ ਮੁਲਾਜ਼ਮਾਂ ਦੇ ਤਨਖਾਹ ਸਕੇਲਾਂ 'ਚ ਰਹਿੰਦੀਆਂ ਤਰੁੱਟੀਆਂ ਦੂਰ ਕਰਨ ਅਤੇ ਰਹਿੰਦੇ ਭੱਤਿਆ ਵਿੱਚ ਵਾਧਾ ਕਰਨ ਤੋਂ ਇਨਕਾਰੀ ਹੈ, ਸਗੋਂ ਪਹਿਲਾਂ ਮਿਲਦੇ 27 ਭੱਤੇ ਬੰਦ ਕਰਨ ਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ। ਗਰਿੱਡ ਸਬ ਸਟੇਸ਼ਨਾਂ 'ਤੇ ਕੰਮ ਕਰਦੇ ਕਾਮਿਆਂ ਨੂੰ ਓਵਰ ਟਾਈਮ ਦੀ ਅਦਾਇਗੀ ਆਦਿ ਪਿਛਲੇ ਲੰਬੇ ਸਮੇਂ ਤੋਂ ਲਮਕ ਅਵਸਥਾ 'ਚ ਹਨ, ਜਿਸ ਕਰਕੇ ਬਿਜਲੀ ਮੁਲਾਜਮਾਂ 'ਚ ਭਾਰੀ ਰੋਸ ਹੈ। ਆਗੂਆਂ ਨੇ ਕਿਹਾ ਕਿ ਉਹ ਹੜਤਾਲ ਕਰਕੇ ਖਪਤ

6-Dec-PAGE-9.qxd 12/5/2023 11:22 PM Page 1

ਸਰਕਾਰ ਕਿਸਾਨਾਂ ਨਾਲ ਧੱਕੇਸ਼ਾਹੀ ਕਰਨੀ ਬੰਦ ਕਰੇ : ਮੁਸਿਆਣਾ

ਫਿਲੌਰ (ਨਿਰਮਲ)

ਭੀਕੇਯੂ ਏਕਤਾ ਸਿੱਧੂਪੁਰ ਬਲਾਕ ਫਿਲੌਰ ਦੀ ਮਹੀਨਾਵਾਰ ਮੀਟਿੰਗ ਗੁਰਦੁਆਰਾ ਬਾਉਲੀ ਸਾਹਿਬ ਫਿਲੌਰ ਵਿਖੇ ਬਲਾਕ ਪ੍ਰਧਾਨ ਨਰਿੰਦਰ ਸਿੰਘ ਸਹੋਤਾ ਦੀ ਪ੍ਰਧਾਨਗੀ ਹੇਠ ਹੋਈ। ਜਿਸ 'ਚ ਕੁਲਵਿੰਦਰ ਸਿੰਘ ਮੁਸਿਆਣਾ ਪ੍ਰਧਾਨ ਭੀਕੇਯੂ ਏਕਤਾ ਸਿੱਧੂਪੁਰ ਜਲੰਧਰ, ਤੀਰਥ ਸਿੰਘ ਬਾਸੀ ਵਾਈਸ ਪ੍ਰਧਾਨ ਜਲੰਧਰ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਕੁਲਵਿੰਦਰ ਸਿੰਘ ਮੁਸਿਆਣਾ ਜਿਲ੍ਹਾ ਪ੍ਰਧਾਨ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੋ ਸਰਕਾਰ ਕਿਸਾਨਾਂ ਨੂੰ ਪਰਾਲੀ ਸਾੜਨ ਦੇ ਜੁਰਮਾਨੇ ਦਾ ਨੋਟਿਸ ਭੇਜ ਰਹੀ ਹੈ ਉਸ ਨੂੰ ਤਰੁੰਤ ਵਾਪਸ ਲਵੇ ਜੇਕਰ ਨਹੀਂ ਤਾਂ ਭੀਕੇਯੂ ਏਕਤਾ ਸਿੱਧੂਪੁਰ ਸਰਕਾਰ 'ਤੇ ਪ੍ਰਸਾਸਨ ਖਿਲਾਫ ਸੰਘਰਸ਼ ਕਰਨ ਲਈ ਮਜ਼ਬੂਰ ਹੋਵੇਗੀ। ਜਿਸ ਦੀ ਜਿੰਮੇਵਾਰੀ ਸਰਕਾਰ ਦੀ ਹੋਵੇਗੀ ਅਤੇ 14 ਦਸੰਬਰ ਨੂੰ ਜਥੇਬੰਦੀ ਵੱਲੋਂ ਮਹਾਂ ਪੰਚਾਇਤ ਕੀਤੀ ਜਾਵੇਗੀ। ਬਲਾਕ ਪ੍ਰਧਾਨ 'ਤੇ ਮੈਂਬਰਾਂ ਨੂੰ ਵੱਧ ਤੋਂ ਵੱਧ ਪਹੁੰਚਣ ਦੀ ਅਪੀਲ ਕੀਤੀ। ਇਸ ਮੌਕੇ ਭੀਕੇਯੂ ਏਕਤਾ ਸਿੱਧੂਪੁਰ 'ਚ ਦੂਜੀਆਂ ਯੂਨੀਅਨ ਨੂੰ ਛੱਡ ਕੇ ਸ਼ਾਮਲ ਹੋਏ ਮੈਂਬਰਾਂ ਦਾ ਆਗੂਆਂ ਨੇ ਸਿਰੋਪਾਓ ਪਾ ਕਾ ਸਨਮਾਨ ਕੀਤਾ। ਇਸ ਮੌਕੇ ਸਿਮਰਨਜੀਤ ਸਿੰਘ ਬਲਾਕ ਪ੍ਰਧਾਨ ਰੁੜਕਾ ਕਲਾਂ ਜਸਮੇਲ ਸਿੰਘ ਸੀਨੀਅਰ ਮੀਤ ਪ੍ਰਧਾਨ ਫਿਲੌਰ, ਤਾਜਿੰਦਰ ਸਿੰਘ, ਪਿਆਰਾ ਸਿੰਘ ਲਾਡੋਵਾਲ, ਸੁਰਿੰਦਰ ਸਿੰਘ ਰਾਮਗੜ੍ਹ, ਯੂਨੀਅਨ ਦੇ ਅਹੁਦੇਦਾਰਾਂ 'ਤੇ ਮੈਂਬਰਾਂ ਸ਼ਾਮਲ ਸਨ।

ਜ਼ਿਲ੍ਹਾ ਰੋਜ਼ਗਾਰ ਬਿਊਰੋ ਵੱਲੋਂ ਪਲੇਸਮੈਂਟ ਕੈਂਪ ਭਲਕੇ

ਮੋਹਾਲੀ, (ਗੁਰਜੀਤ ਬਿੱਲਾ)- ਜ਼ਿਲ੍ਹਾ ਰੋਜ਼ਗਾਰ ਅਤੇ ਉੱਦਮ ਬਿਊਰੋ ਮਾਡਲ ਕੈਰੀਅਰ ਸੈਂਟਰ ਅਤੇ ਪੀ ਐੱਸ ਡੀ ਐੱਮ, ਐੱਸ ਏ ਐੱਸ ਨਗਰ ਵੱਲੋਂ ਟੈਲੀਪ੍ਰੋਫਾਰਮੈਂਸ, ਈਕਾਰਟ, ਈਕਲਰਕਸ, ਅਮਰਟੈਕਸ, ਅਲੈਂਜਰਸ ਅਤੇ ਬੀ ਐਸ ਸੀ ਜੇ ਈ ਆਦਿ ਲਈ 7 ਦਸੰਬਰ, 2023 ਨੂੰ ਪਲੇਸਮੈਂਟ ਕੈਂਪ ਦਾ ਆਯੋਜਨ ਕਰ ਰਿਹਾ ਹੈ ਅਤੇ ਜਿਸ 'ਚ ਉਕਤ ਸਾਰੀਆਂ ਕੰਪਨੀਆਂ ਦੀ ਐੱਚ ਆਰ ਟੀਮ ਦੁਆਰਾ ਸਵੇਰੇ 9.30 ਵਜੇ ਤੋਂ 2.30 ਵਜੇ ਤੱਕ ਉਮੀਦਵਾਰਾਂ ਦੀ ਵਾਕਿਨ ਇੰਟਰਵਿਊ ਕੀਤੀ ਜਾਵੇਗੀ। ਉਕਤ ਪਲੇਸਮੈਂਟ ਕੈਂਪ 'ਚ 18 ਸਾਲ ਤੋਂ ਵੱਧ ਉਮਰ ਦੇ ਉਮੀਦਵਾਰ ਜੋ 10 ਵੀਂ/12ਵੀਂ/ਗ੍ਰੈਜੂਏਟ ਹੋਣ ਭਾਗ ਲੈ ਸਕਦੇ ਹਨ। ਡਿਪਟੀ ਡਾਇਰੈਕਟਰ , ਡੀ. ਬੀ. ਈ. ਈ. ਹਰਪ੍ਰੀਤ ਸਿੰਘ ਮਾਨਸਾਹੀਆ ਨੇ ਦੱਸਿਆ ਕਿ ਡੀ. ਬੀ. ਈ. ਈ. ਵੱਲੋਂ ਮੰਗਲਵਾਰ ਤੋਂ ਸ਼ੁੱਕਰਵਾਰ ਤੱਕ ਹਰ ਰੋਜ਼ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾਵੇਗਾ।

ਲਾਲਜੀਤ ਸਿੰਘ ਭੁੱਲਰ ਨੇ ਡੇਰਾ ਬੱਸੀ ਬਲਾਕ 'ਚ ਕਬਜ਼ੇ ਛੁਡਾਉਣ ਦੀ ਮੁਹਿੰਮ ਦੀ ਕੀਤੀ ਅਗਵਾਈ

ਮੋਹਾਲੀ, (ਗੁਰਜੀਤ ਬਿੱਲਾ)

ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤਾਂ ਬਾਰੇ ਮੰਤਰੀ ਡੇਰਾਬਸੀ ਬਲਾਕ ਦੇ ਪਿੰਡ ਸੁੰਡਰਾਂ ਵਿਖੇ 100 ਏਕੜ ਪੰਚਾਇਤੀ ਜ਼ਮੀਨ ਨਜਾਇਜ ਕਬਜ਼ੇ ਹੇਠੋਂ ਖੁਦ ਟ੍ਰੈਕਟਰ ਚਲਾ ਕੇ ਛੁਡਵਾਈ ਗਈ। ਨਿਕਾਸੀ ਦੀ ਪ੍ਰਕਿਰਿਆ ਪੂਰੀ ਕਰਨ ਤੋਂ ਬਾਅਦ ਕੈਬਨਿਟ ਮੰਤਰੀ ਭੁੱਲਰ ਨੇ ਦੱਸਿਆ ਕਿ 100 ਏਕੜ ਦੇ ਕਰੀਬ ਪੰਚਾਇਤੀ ਜ਼ਮੀਨ 'ਤੇ ਵਸਨੀਕਾਂ ਵੱਲੋਂ ਕਬਜ਼ਾ ਕੀਤਾ ਹੋਇਆ ਸੀ। ਉਨ੍ਹਾਂ ਕਿਹਾ ਕਿ ਇਹ ਜ਼ਮੀਨ ਰਿਹਾਇਸ਼ੀ ਅਤੇ ਉਦਯੋਗਿਕ ਖੇਤਰਾਂ 'ਚ ਆਉਂਦੀ ਹੈ ਅਤੇ ਇਸਦੀ ਬਾਜਾਰੀ ਕੀਮਤ 100 ਕਰੋੜ ਰੁਪਏ ਹੈ। ਉਨ੍ਹਾਂ ਕਿਹਾ ਕਿ ਬਾਕੀ ਦੀ 12 ਏਕੜ ਜ਼ਮੀਨ ਅਦਾਲਤੀ ਸਟੇਅ ਅਧੀਨ ਹੈ ਅਤੇ ਅਧਿਕਾਰੀਆਂ ਨੂੰ ਕਿਹਾ ਗਿਆ ਹੈ ਕਿ ਉਹ ਵਿਭਾਗ ਦਾ ਹੱਕ ਵਾਪਸ ਦਿਵਾਉਣ ਲਈ ਇਸ ਕੇਸ ਦੀ ਜ਼ੋਰਦਾਰ ਪੈਰਵੀ ਕਰਨ। ਸ੍ਰੀ ਭੁੱਲਰ ਨੇ ਦੱਸਿਆ ਕਿ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ ਸੂਬੇ 'ਚ ਕਬਜ਼ਿਆਂ ਵਿਰੁੱਧ ਵਿੱਢੀ ਮੁਹਿੰਮ 'ਚ ਵੱਡੀ ਸਫਲਤਾ ਹਾਸਲ ਕੀਤੀ ਗਈ ਹੈ ਅਤੇ ਹੁਣ ਤੱਕ ਕੁੱਲ 12100 ਏਕੜ ਜ਼ਮੀਨ ਨਜਾਇਜ ਕਬਜ਼ਿਆਂ ਤੋਂ ਵਾਪਸ ਲੈ ਕੇ ਸਬੰਧਤ ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ ਨੂੰ ਸੌਂਪ ਦਿੱਤੀ ਗਈ। ਉਨ੍ਹਾਂ ਕਿਹਾ ਕਿ ਪੰਚਾਇਤੀ ਜਮੀਨਾਂ ਨੂੰ 100 ਫੀਸਦੀ ਖਾਲੀ ਕਰਵਾਉਣ ਤੱਕ ਕਬਜ਼ਿਆਂ ਵਿਰੁੱਧ ਕਾਰਵਾਈ ਜਾਰੀ ਰਹੇਗੀ। ਕੈਬਨਿਟ ਮੰਤਰੀ ਨੇ ਕਾਬਜਕਾਰਾਂ ਨੂੰ ਵੀ ਚੇਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਨੇ ਫਿਰ ਤੋਂ ਖਾਲੀ ਕਰਵਾਈ ਜ਼ਮੀਨ 'ਤੇ ਨਾਜਾਇਜ ਕਬਜਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਖਿਲਾਫ ਐਫ ਆਈ ਆਰ ਦਰਜ ਕਰਵਾਈ ਜਾਵੇਗੀ। ਇਸ ਮੌਕੇ ਹਾਜਰ ਅਧਿਕਾਰੀਆਂ ਵਿੱਚ ਏ ਡੀ ਸੀ (ਪੇਂਡੂ ਵਿਕਾਸ) ਸੋਨਮ ਚੌਧਰੀ, ਸੰਯੁਕਤ ਡਾਇਰੈਕਟਰ (ਸਾਮਲਤ ਸੈੱਲ) ਜਗਵਿੰਦਰਜੀਤ ਸਿੰਘ ਸੰਧੂ, ਐਸ ਪੀ (ਦਿਹਾਤੀ) ਮਨਪ੍ਰੀਤ ਸਿੰਘ, ਏ ਐਸ ਪੀ ਡੇਰਾਬੱਸੀ ਸ੍ਰੀਮਤੀ ਦਰਪਨ ਆਹਲੂਵਾਲੀਆ, ਡੀ ਡੀ ਪੀ ਓ ਅਮਨਿੰਦਰਪਾਲ ਸਿੰਘ ਚੌਹਾਨ, ਬੀ ਡੀ ਪੀ ਓ ਰਵਨੀਤ ਕੌਰ ਅਤੇ ਨਾਇਬ ਤਹਿਸੀਲਦਾਰ ਹਰਿੰਦਰਜੀਤ ਸਿੰਘ ਹਾਜ਼ਰ ਸਨ।

ਵਿਨੀਤ ਵਰਮਾ ਨੇ ਵਪਾਰੀ ਭਾਈਚਾਰੇ ਦੇ ਹਿੱਤਾਂ ਲਈ ਪ੍ਰਗਟਾਈ ਵਚਨਬੱਧਤਾ

ਮੋਹਾਲੀ, (ਗੁਰਜੀਤ ਬਿੱਲਾ)—ਮੋਹਾਲੀ ਸਥਿਤ ਪੰਜਾਬ ਟਰੇਡਰਜ ਕਮਿਸ਼ਨ ਦੇ ਮੈਂਬਰ ਵਿਨੀਤ ਵਰਮਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਟਰੇਡਰਜ ਕਮਿਸ਼ਨ ਦਾ ਮੈਂਬਰ ਨਿਯੁਕਤ ਕਰਨ ਲਈ ਧੰਨਵਾਦ ਕੀਤਾ ਹੈ। ਵਪਾਰੀ ਭਾਈਚਾਰੇ ਦੇ ਹਿੱਤਾਂ ਦੀ ਰਾਖੀ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਵਰਮਾ ਨੇ ਕਿਹਾ ਕਿ ਉਹ ਸੂਬੇ ਦੇ ਵਪਾਰੀਆਂ ਦੀ ਬਿਹਤਰੀ ਲਈ ਕੰਮ ਕਰਨਗੇ। ਉਨ੍ਹਾਂ ਭਰੋਸਾ ਦਿਵਾਇਆ ਕਿ ਕਮਿਸ਼ਨ ਵਪਾਰੀਆਂ ਦਾ ਸਮਰਥਨ ਕਰੇਗਾ ਤਾਂ ਜੋ ਪੰਜਾਬ ਉਨ੍ਹਾਂ ਨੂੰ ਨਿਵੇਸ਼ ਲਈ ਸਭ ਤੋਂ ਢੁਕਵੀਂ ਥਾਂ ਵਜੋਂ ਸੇਵਾ ਦੇ ਸਕੇ। ਉਨ੍ਹਾਂ ਵਪਾਰੀਆਂ ਨੂੰ ਸੱਦਾ ਦਿੱਤਾ ਕਿ ਉਹ ਕਿਸੇ ਵੀ ਸਮੇਂ ਐਸ.ਸੀ.ਐੱਫ ਨੰਬਰ 72, ਫੇਜ 2, ਮੋਹਾਲੀ ਵਿਖੇ ਉਨ੍ਹਾਂ ਕੋਲ ਆ ਸਕਦੇ ਹਨ ਤਾਂ ਜੋ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਦੇ ਨਾਲ-ਨਾਲ ਸੂਬੇ ਨੂੰ ਵਧੇਰੇ ਲਾਹੇਵੰਦਾ ਵਪਾਰਕ ਸੂਬਾ ਬਣਾਉਣ ਲਈ ਸੁਝਾਅ ਵੀ ਪ੍ਰਾਪਤ ਕੀਤੇ ਜਾ ਸਕਣ।

ਪੱਤਰਕਾਰ ਰਿਸ਼ੀ ਨਾਗਰ ਨੂੰ ਸਦਮਾ-ਮਾਤਾ ਦਾ ਦਿਹਾਂਤ

ਜਲੰਧਰ—ਪੰਜਾਬੀ ਪੱਤਰਕਾਰੀ ਦੇ ਖੇਤਰ 'ਚ ਜਾਣੇ ਪਹਿਚਾਣੇ ਰਿਸ਼ੀ ਨਾਗਰ ਜੋ ਕਿ ਅੱਜ ਕੱਲ੍ਹ ਕੈਲਗਰੀ (ਕਨੇਡਾ) ਵਿਖੇ ਰੈੱਡ ਐੱਫ. ਐੱਮ 'ਤੇ ਸੀਨੀਅਰ ਪੱਤਰਕਾਰ ਵਜੋਂ ਸੇਵਾਵਾਂ ਨਿਭਾ ਰਹੇ ਹਨ ਦੇ ਮਾਤਾ ਸ਼੍ਰੀਮਤੀ ਸੁਦਰਸ਼ਨ ਨਾਗਰ ਦਾ ਬੱਸ ਸਟੈਂਡ ਵਾਲੇ ਸ਼ਮਸ਼ਾਨ ਘਾਟ ਪਿੰਡ ਸ਼ੰਕਰ (ਜਲੰਧਰ) ਵਿਖੇ ਕੀਤਾ ਗਿਆ। ਕਨੇਡਾ ਤੋਂ ਆਏ ਰਿਸ਼ੀ ਨਾਗਰ ਨੇ ਸੇਜਲ ਅੱਖਾਂ ਨਾਲ ਆਪਣੀ ਮਾਂ ਦੀ ਚਿਖਾ ਨੂੰ ਅਗਨੀ ਦਿਖਾਈ। ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਰਮਨਦੀਪ ਸਿੱਧੂ, ਅਰੁਨਦੀਪ ਸਮੇਤ ਜਲੰਧਰ ਤੋਂ ਪੱਤਰਕਾਰ ਭਾਈਚਾਰੇ ਦੇ ਮਨੂੰ ਪਾਲ ਸ਼ਰਮਾ, ਰਾਕੇਸ਼ ਸ਼ਾਂਤੀ ਦੂਤ, ਵਿਨੈ ਰਾਣਾ, ਡੀ ਏ ਵੀ ਕਾਲਜ ਨਕੋਦਰ ਦੇ ਪ੍ਰਿੰਸੀਪਲ ਡਾ.ਅਨੂਪ ਕੁਮਾਰ, ਆਰੀਆ ਸੀਨੀਅਰ ਸੈਕੰਡਰੀ ਸਕੂਲ ਨੂਰਮਹਿਲ ਦੇ ਸਾਬਕਾ ਪ੍ਰਿੰਸੀਪਲ ਹਾਕਮ ਸਿੰਘ ਅਰੋੜਾ, ਨੂਰਮਹਿਲ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸੁਰਿੰਦਰ ਕੁਮਾਰੀ ਕੋਛੜ, ਸਾਬਕਾ ਸਰਪੰਚ ਜਸਦੇਵ ਸਿੰਘ ਤੱਖਰ, ਕਨੇਡਾ ਤੋਂ ਆਏ ਹੋਏ ਮਾਸਟਰ ਭਜਨ ਸਿੰਘ ਅਤੇ ਉਹਨਾਂ ਦੀ ਜੀਵਨ ਸਾਥਣ ਸੁਰਿੰਦਰ ਕੌਰ ਅਤੇ ਸਾਕ-ਸਬੰਧੀਆਂ, ਨਗਰ ਨਿਵਾਸੀਆਂ ਨੇ ਸੁਦਰਸ਼ਨ ਦੀ ਅੰਤਿਮ ਵਿਦਾਇਗੀ ਮੌਕੇ ਰਿਸ਼ੀ ਨਾਗਰ ਨਾਲ ਦੁੱਖ ਸਾਂਝਾ ਕੀਤਾ। ਸ਼੍ਰੀਮਤੀ ਸੁਦਰਸ਼ਨ ਨਾਗਰ ਨਮਿੱਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ 9 ਦਸੰਬਰ ਦਿਨ ਸਨਿੱਚਰਵਾਰ 11 ਵਜੇ ਪਿੰਡ ਸ਼ੰਕਰ ਵਿਖੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਪੱਤੀ ਰਾਜੋਕੀ ਵਿਖੇ ਹੋਣਗੇ।

ਸ੍ਰੀ ਗੁਰੂ ਨਾਨਕ ਦਰਬਾਰ ਬਹਿਰਾਮ ਵਿਖੇ ਸੰਤ ਅਮਰ ਦਾਸ ਵੈਦ ਦੀ ਬਰਸੀ ਮਨਾਈ

ਬਹਿਰਾਮ (ਅਵਤਾਰ ਕਲੇਰ)

ਸ੍ਰੀ ਗੁਰੂ ਨਾਨਕ ਦਰਬਾਰ ਲੰਗਰ ਹੋਲਾ ਮਹੱਲਾ ਬਹਿਰਾਮ ਦੇ ਸੰਸਥਾਪਕ ਸੰਤ ਅਮਰ ਦਾਸ ਵੈਦ ਦੀ ਸਾਲਾਨਾ ਬਰਸੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਮਰਜੀਤ ਸਿੰਘ ਲੇਹਲ ਦੀ ਅਗਵਾਈ ਹੇਠ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਮਨਾਈ ਗਈ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ । ਵੱਖ ਵੱਖ ਡੇਰਿਆਂ ਤੋਂ ਆਏ ਸੰਤ ਮਹਾਂਪੁਰਸਾਂ ਨੇ ਪ੍ਰਵਚਨਾਂ ਅਤੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਧਾਨ ਅਮਰਜੀਤ ਸਿੰਘ ਲੇਹਲ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਚਾਰ ਸਹਿਬਜਾਦਿਆਂ ਦੀ ਯਾਦ 'ਚ ਸੰਗਤਾਂ ਦੇ ਸਹਿਯੋਗ ਨਾਲ ਵੱਡਾ ਦੀਵਾਨ ਹਾਲ ਬਣਾਇਆ ਜਾਵੇਗਾ। ਉਹਨਾਂ ਪਹੁੰਚੇ ਹੋਏ ਮਹਾਂਪੁਰਸਾਂ ਨੂੰ ਸਿਰਪਾਓ ਨਾਲ ਸਨਮਾਨਿਤ ਕੀਤਾ ਅਤੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਭਾਈ ਹਰਜੀਤ ਸਿੰਘ ਕਾਰਸੇਵਾ ਵਾਲੇ, ਅਮਰਜੀਤ ਸਿੰਘ ਲੇਹਲ, ਜਥੇਦਾਰ ਦਲਜੀਤ ਸਿੰਘ ਸੋਢੀ ਮਾਹਿਲਪੁਰ, ਸਰਪੰਚ ਅਕਵਿੰਦਰ ਕੌਰ, ਬੀ ਕੇ ਪੁਰੀ, ਅਵਤਾਰ ਸਿੰਘ ਮਾਨ, ਮਹਿੰਦਰ ਪਾਲ ਬਹਿਰਾਮ, ਰਣਜੀਤ ਸਿੰਘ ਚੱਕਰਾਮੂ, ਲਖਵੀਰ ਸਿੰਘ ਲੇਹਲ, ਨਿਰੰਜਣ ਸਿੰਘ ਝੰਡੇਰਾਂ, ਜਸਵੀਰ ਸਿੰਘ ਨਾਗਰਾ, ਚਰਨਜੀਤ ਸਿੰਘ, ਨਸੀਬ ਚੰਦ ਫਰਾਲਾ, ਬਲਦੇਵ ਰਾਮ ਕੌਲਧਰ, ਸਤਨਾਮ ਸਿੰਘ ਨਾਗਰਾ, ਗੁਰਸੇਵ ਸਿੰਘ ਹੁੰਦਲ, ਕੁਲਵਿੰਦਰ ਸਿੰਘ ਢਿੱਲੋਂ, ਜੈ ਪਾਲ ਚੱਕਰਾਮੂ, ਕੁਲਵੀਰ ਸਿੰਘ, ਬੀਬੀ ਜਗੀਰ ਕੌਰ, ਇੰਦਰਜੀਤ ਸਿੰਘ, ਸੋਹਣ ਲਾਲ, ਗੁਰਪਾਲ ਸਿੰਘ, ਪਰਮਜੀਤ ਸਿੰਘ, ਮਲੂਕ ਸਿੰਘ, ਬਲਵੀਰ ਸਿੰਘ ਆਦਿ ਹਾਜ਼ਰ ਸਨ।

ਸਿੱਖਿਆ ਮੰਤਰੀ ਦੀ ਅਗਵਾਈ 'ਚ ਦੋ ਦਿਨਾ ਹੱਥਾਂ ਦੀ ਸਫਾਈ ਅਭਿਆਨ ਸ਼ੁਰੂ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)

ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਦੇ ਦਿਸਾ ਨਿਰਦੇਸ਼ਾ ਅਨੁਸਾਰ ਦੋ ਦਿਨਾਂ ਹੱਥਾਂ ਦੀ ਸਫਾਈ ਅਭਿਆਨ ਸ਼ੁਰੂ ਕੀਤਾ ਗਿਆ ਹੈ। ਚੰਗਰ ਜੋਨ-1 ਦੇ ਸਰਕਾਰੀ ਪ੍ਰਾਇਮਰੀ ਸਕੂਲ, ਮਿਡਲ ਸਕੂਲ ਤੇ ਹਾਈ ਸਕੂਲ ਵਿੱਚ ਇਸ ਅਭਿਆਨ ਦੀ ਸ਼ੁਰੂਆਤ ਕੀਤੀ ਗਈ। ਇਹ ਜਾਣਕਾਰੀ ਸੂਬੇਦਾਰ ਰਾਜਪਾਲ ਮੋਹੀਵਾਲ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਸਕੂਲ 'ਚ ਵਿਦਿਆਰਥੀਆਂ ਨੂੰ ਆਪਣੇ ਹੱਥਾਂ ਦੀ ਸਫਾਈ ਕਿਵੇਂ ਰੱਖਣੀ ਹੈ ਅਤੇ ਸੈਨੀਟਾਈਜਰ ਦਾ ਉਪਯੋਗ ਕਿਵੇਂ ਕਰਨਾ ਹੈ, ਵਿਦਿਆਰਥੀਆਂ ਨੂੰ ਬਹੁਤ ਸਰਲ ਤਰੀਕੇ ਨਾਲ ਸਮਝਾਇਆ ਗਿਆ। ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ 'ਚ ਉਤਸਾਹ ਦੇਖਣ ਨੂੰ ਮਿਲਿਆ। ਇਸ ਮੌਕੇ ਸੀਨੀਅਰ ਆਪ ਆਗੂ ਨੰਬਰਦਾਰ ਗੁਰਚਰਨ ਸਿੰਘ ਨੇ ਸਕੂਲ ਗਰਾਊਡ ਦੇ ਹੋਣ ਵਾਲੇ ਕੰਮਾਂ ਤੋਂ ਵੀ ਜਾਣੂ ਕਰਵਾਇਆ। ਇਸ ਮੌਕੇ ਲਖੇੜ ਰਾਧੇ, ਸ਼ਿਆਮ ਧਨੇੜਾ, ਨਿਰਮਲ ਸਿੰਘ ਮੋਹੀਵਾਲ, ਗੁਰਦਿਆਲ ਸਿੰਘ, ਪਿਆਰਾ ਸਿੰਘ, ਸਤੀਸ਼ ਥੱਪਲ, ਕੇਸਰ ਸਿੰਘ, ਮਦਨ ਸ਼ਰਮਾ, ਪ੍ਰਕਾਸ਼ ਚੰਦ ਹਾਜ਼ਰ ਸਨ।

ਗੁਰੂ ਹਰਕ੍ਰਿਸ਼ਨ ਸਕੂਲ 'ਚ ਅੰਤਰਰਾਸ਼ਟਰੀ ਯੀਅਰ ਆਫ ਮਿਲਟਸ ਸੰਬੰਧੀ ਸੈਮੀਨਾਰ

ਸੁਲਤਾਨਪੁਰ ਲੋਧੀ, (ਹਨੀ)

ਸ਼੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਵਿਖੇ ਪ੍ਰਿੰਸੀਪਲ ਰੇਨੂੰ ਅਰੋੜਾ ਦੀ ਅਗਵਾਈ 'ਚ ਅੰਤਰਰਾਸ਼ਟਰੀ ਯੀਅਰ ਆਫ ਮਿਲਟਸ ਦੇ ਸੰਬੰਧ 'ਚ ਵਿਦਿਆਰਥੀਆਂ ਲਈ ਇੱਕ ਦਿਨਾਂ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਜਿਸ 'ਚ ਪ੍ਰਿੰਸੀਪਲ ਰੇਨੂੰ ਅਰੋੜਾ ਦੁਆਰਾ ਵਿਦਿਆਰਥੀਆਂ ਨੂੰ ਜਵਾਰ ਅਤੇ ਬਾਜਰੇ ਦੀਆਂ ਫਸਲਾਂ ਦੀ ਮਹੱਤਤਾ ਤੋਂ ਜਾਣੂ ਕਰਵਾਇਆ ਗਿਆ। ਉਨ੍ਹਾਂ ਦੱਸਿਆ ਕਿ ਕਿਸ ਤਰ੍ਹਾਂ ਇਹਨਾਂ ਦਾ ਸੇਵਨ ਕਰਨ ਨਾਲ ਸਰੀਰ ਦੇ ਕਈ ਰੋਗਾਂ ਜਿਵੇਂ ਦਿਲ ਦੇ ਰੋਗ, ਪੇਟ ਨਾਲ ਸੰਬੰਧਿਤ ਰੋਗ ਅਤੇ ਅਨੀਮੀਆ ਆਦਿ ਕਈ ਬਿਮਾਰੀਆਂ ਤੋਂ ਛੁਟਕਾਰਾ ਮਿਲਦਾ ਹੈ। ਇਹ ਫਸਲਾਂ ਜਿਥੇ ਇਨਸਾਨਾਂ ਲਈ ਲਾਭਦਾਇਕ ਹਨ, ਉੱਥੇ ਹੀ ਪਸ਼ੂਆਂ ਲਈ ਵੀ ਚਾਰੇ ਦੇ ਰੂਪ ਵਿੱਚ ਉਪਯੋਗ ਹੁੰਦੀਆਂ ਹਨ। ਉਹਨਾਂ ਦੱਸਿਆ ਕਿ ਅਜਿਹੀਆਂ ਫਸਲਾਂ ਦੇ ਉਤਪਾਦਨ ਅਤੇ ਉਪਭੋਗ ਕਰਨ 'ਚ ਭਾਰਤ ਪਹਿਲੇ ਸਥਾਨ 'ਤੇ ਆਉਂਦਾ ਹੈ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਖਾਲਸਾ ਕਾਲਜ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸਾਸਕ ਇੰਜੀਨੀਅਰ ਨਿਮਰਤਾ ਕੌਰ ਨੇ ਪ੍ਰਿੰਸੀਪਲ ਤੇ ਸਟਾਫ ਮੈਂਬਰਾਂ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।

ਸਿੱਖ ਲਾਈਟ ਇਨਫੈਂਟਰੀ ਦੀ ਟੀਮ ਕਰੇਗੀ ਸ਼ਿਕਾਇਤਾਂ ਦੀ ਸੁਣਵਾਈ

**ਜਲੰਧਰ, (ਸ਼

6-DEC-PAGE-10.qxd 12/5/2023 11:04 PM Page 1

ਰਾਸ਼ਟਰੀ ਦਿਵਿਆਂਗ ਐਸੋਸੀਏਸ਼ਨ ਪੰਜਾਬ ਵੱਲੋਂ ਮਨਾਇਆ ਕਾਲਾ ਅੰਗਹੀਣ ਦਿਵਸ

ਬੁਢਲਾਡਾ (ਅਸ਼ੋਕ ਲਾਕੜਾ)

ਜਿੱਥੇ ਬੀਤੇ ਦਿਨੀ ਪੰਜਾਬ ਸਰਕਾਰ ਵੱਲੋਂ ਅੰਗਹੀਣ ਦਿਵਸ ਮਨਾਇਆ ਗਿਆ। ਉਥੇ ਰਾਸ਼ਟਰੀ ਦਿਵਿਆਂਗ ਐਸੋਸੀਏਸ਼ਨ ਪੰਜਾਬ ਵੱਲੋਂ ਪੰਜਾਬ ਭਰ 'ਚ ਕਾਲਾ ਅੰਗਹੀਣ ਦਿਵਸ ਮਨਾਉਣ ਦਾ ਸੁਨੇਹਾ ਦਿੱਤਾ ਗਿਆ, ਜਿਸ ਨੂੰ ਸਵੀਕਾਰ ਕਰਦੇ ਹੋਏ। ਰਾਸ਼ਟਰੀ ਦਿਵਿਆਂਗ ਐਸੋਸੀਏਸ਼ਨ ਮਾਨਸਾ ਵੱਲੋਂ ਤਿੰਨ ਕੋਣੀ ਚੌਕ ਮਾਨਸਾ ਵਿਖੇ ਰਾਸ਼ਟਰੀ ਦਿਵਿਆਂਗ ਐਸੋਸੀਏਸ਼ਨ ਦੇ ਜਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਭੰਮਾ ਦੀ ਪ੍ਰਧਾਨਗੀ ਹੇਠ ਕਾਲਾ ਦਿਵਸ ਮਨਾਇਆ ਗਿਆ। ਦਿਵਿਆਂਗ ਲੋਕਾਂ ਦੇ ਇਕਠ ਨੂੰ ਸੰਬੋਧਨ ਕਰਦੇ ਹੋਏ ਜਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਭੰਮਾ ਦੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹਮੇਸ਼ਾ ਹੀ ਅੰਗਹੀਣ ਵਰਗ ਨੂੰ ਅੱਖੋਂ ਪਰੋਖੇ ਕੀਤਾ ਅਤੇ ਅੰਗਹੀਣ ਵਰਗ ਦੀਆਂ ਮੰਗਾਂ ਤਾਂ ਕੀ ਮੰਨਣੀਆਂ ਸੀ ਸਗੋਂ ਅਜਿਹੇ ਦਿਵਸ ਮਨਾ ਕੇ ਸਰਕਾਰ ਦਿਵਿਆਂਗ ਲੋਕਾਂ ਦੇ ਜਖਮਾਂ 'ਤੇ ਲੂਣ ਛਿੜਕ ਰਹੀਂ ਹੈ। ਉਹਨਾਂ ਅੱਗੇ ਕਿਹਾ ਕਿ ਜੇਕਰ ਸਰਕਾਰ ਭਵਿੱਖ 'ਚ ਦਿਵਿਆਂਗ ਵਰਗ ਦੀਆਂ ਮੰਗਾਂ ਨਹੀਂ ਮੰਨਦੀ ਤਾਂ ਦਿਵਿਯਾਗ ਵਰਗ ਵੱਲੋਂ ਭਵਿੱਖ 'ਚ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਨਾਇਬ ਤਹਿਸੀਲਦਾਰ ਬਲਕਾਰ ਸਿੰਘ ਨੂੰ ਆਪਣਾ ਮੰਗ ਪੱਤਰ ਵੀ ਸੌਂਪਿਆ। ਇਸ ਮੌਕੇ ਹਰਜਿੰਦਰ ਸਿੰਘ ਭੰਮਾ, ਧਰਮ ਸਿੰਘ, ਅਮਨਦੀਪ ਸਿੰਘ ਦਸੌਧੀਆ, ਮਨੋਜ ਕੁਮਾਰ ਚੋਪੜਾ, ਵੀਰਪਾਲ ਕੌਰ, ਮੱਖਣ ਸਿੰਘ, ਗੁਰਜੰਟ ਸਿੰਘ, ਬਲਵਿੰਦਰ ਸਿੰਘ, ਗੁਰਮੇਲ ਕੌਰ, ਵੀਰਪਾਲ ਕੌਰ, ਜੀਵਨ ਸਿੰਘ, ਸ਼ਿੰਦਰਪਾਲ ਕੌਰ, ਗੁਰਸੇਵਕ ਸਿੰਘ ਬੁਢਲਾਡਾ, ਮੀਨਾ ਰਾਣੀ ਆਦਿ ਹਾਜ਼ਰ ਹੋਏ ਹਨ।

ਹਾਦਸੇ 'ਚ ਇੱਕ ਦੀ ਮੌਤ

ਜਲਾਲਾਬਾਦ (ਜੀਤ ਕੁਮਾਰ)

ਪਿੰਡ ਬਾਹਮਣੀਵਾਲਾ ਵਿਖੇ ਦੋ ਮੋਟਰਸਾਇਕਲਾਂ ਦੇ ਆਪਸੀ ਟਕਰਾਉਣ ਨਾਲ ਵਾਪਰੇ ਹਾਦਸੇ 'ਚ ਇਕ ਵਿਅਕਤੀ ਦੀ ਮੌਤ ਹੋਣ 'ਤੇ ਇਕ ਵਿਅਕਤੀ ਦੇ ਖਿਲਾਫ ਥਾਣਾ ਵੈਰੋਕੇ ਦੀ ਪੁਲਸ ਵੱਲੋਂ ਪਰਚਾ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਦੇ ਅਨੁਸਾਰ ਮੁਦੱਈ ਸੁਖਵਿੰਦਰ ਕੌਰ ਪਤਨੀ ਸੁਰਜੀਤ ਸਿੰਘ ਵਾਸੀ ਤਾਰੇਵਾਲਾ ਉਰਫ ਰੋੜਾ ਵਾਲਾ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ ਉਸਦਾ ਪਤੀ ਸੁਰਜੀਤ ਸਿੰਘ ਜੋ ਕਿ ਆਪਣੇ ਮੋਟਰਸਾਇਕਲ ਤੇ ਗੁੰਬਰ ਟ੍ਰੇਡਿੰਗ ਕੰਪਨੀ ਪਿੰਡ ਘੁਬਾਇਆ ਤੋਂ ਆਪਣੇ ਘਰ ਵਾਪਸ ਦੇਰ ਸ਼ਾਮ ਕਰੀਬ ਸਾਢੇ 8 ਵਜੇ ਆ ਰਿਹਾ ਸੀ ਅਤੇ ਜਦੋਂ ਉਹ ਪਿੰਡ ਬਾਹਮਣੀਵਾਲਾ ਦੇ ਕੋਲ ਨਹਿਰ (ਸੂਆ) ਦੇ ਪੁਲ ਤੋਂ ਅੱਗੇ ਪਿੰਡ ਚੱਕ ਅਰਨੀਵਾਲਾ ਉਰਫ ਕੱਟੀਆਵਾਲਾ ਪੁੱਜਾ ਤਾਂ ਸਾਹਮਣੇ ਤੋਂ ਇੱਕ ਨੌਜਵਾਨ ਵਿਅਕਤੀ ਤੇਜ ਰਫਤਾਰ ਨਾਲ ਡਿੱਕ ਡੋਲੇ ਖਾਂਦਾ ਹੋਇਆ ਆ ਰਿਹਾ ਸੀ, ਜਿਸਨੇ ਤੇਜ ਰਫਤਾਰ ਅਤੇ ਲਾਪ੍ਰਵਾਹੀ ਨਾਲ ਲਿਆ ਕੇ ਉਸਦੇ ਪਤੀ ਦੇ ਮੋਟਰਸਾਇਕਲ 'ਚ ਮਾਰ ਦਿੱਤਾ, ਜਿਸ 'ਤੇ ਉਸਦੇ ਪਤੀ ਨੂੰ ਗੰਭੀਰ ਸੱਟਾਂ ਲੱਗ ਗਈਆਂ ਅਤੇ ਜ਼ਖਮੀ ਹਾਲਤ 'ਚ ਸਰਕਾਰੀ ਹਸਪਤਾਲ ਜਲਾਲਾਬਾਦ ਵਿਖੇ ਨੂੰ ਇਲਾਜ ਲਈ ਲੈ ਕੇ ਜਾ ਰਹੇ ਸੀ, ਰਸਤੇ 'ਚ ਉਸਦੇ ਪਤੀ ਦੀ ਮੌਤ ਹੋ ਗਈ। ਜਿਸ 'ਤੇ ਪੁਲਸ ਨੇ ਮੁਦੱਈ ਸੁਖਵਿੰਦਰ ਕੌਰ ਦੇ ਬਿਆਨਾਂ ਦੇ ਅਧਾਰ 'ਤੇ ਟੱਕਰ ਮਾਰਨ ਵਾਲੇ ਮੋਟਰ ਸਾਇਕਲ ਚਾਲਕ ਬਲਵਿੰਦਰ ਸਿੰਘ ਉਰਫ ਗੱਗੀ ਉਰਫ ਸੰਨੀ ਪੁੱਤਰ ਸੋਹਣ ਸਿੰਘ ਵਾਸੀ ਪਿੰਡ ਅਰਨੀਵਾਲਾ (ਕੱਟੀਆਵਾਲਾ) ਦੇ ਖਿਲਾਫ ਧਾਰਾ 304-ਏ, 279, 427 ਆਈਪੀਸੀ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

ਪ੍ਰਿੰਸੀਪਲ ਭੰਡਾਰੀ ਲਗਾਤਾਰ 16ਵੀਂ ਵਾਰ ਗੁਰਦੁਆਰਾ ਮੋਰੀ ਗੇਟ ਦੇ ਪ੍ਰਧਾਨ ਬਣੇ

ਜਗਰਾਉਂ (ਅਮਿਤ ਖੰਨਾ)

ਇਲਾਕੇ ਦਾ ਪ੍ਰਸਿੱਧ ਗੁਰਦੁਆਰਾ ਗੁਰੂ ਨਾਨਕਪੁਰਾ ਮੋਰੀ ਗੇਟ ਦੀ ਹੋਈ ਸਾਲਾਨਾ ਚੋਣ ਸਮੇਂ ਸੰਗਤਾਂ ਨੇ ਲਗਾਤਾਰ 16ਵੀਂ ਵਾਰ ਪ੍ਰਧਾਨਗੀ ਦੀ ਸੇਵਾ ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ ਦੀ ਝੋਲੀ ਪਾਈ। ਹਾਜ਼ਰ ਮੈਂਬਰਾਂ ਵੱਲੋਂ ਉਹਨਾਂ ਨੂੰ ਸਰਬ ਸੰਮਤੀ ਨਾਲ ਜੈਕਾਰਿਆਂ ਦੀ ਗੂੰਜਾਂ ਨਾਲ ਮੁੱਖ ਸੇਵਾਦਾਰ (ਪ੍ਰਧਾਨ) ਚੁਣ ਲਿਆ ਗਿਆ। ਉਹਨਾਂ ਮੈਂਬਰਾਂ ਦੇ ਫੈਸਲੇ ਨੂੰ ਇੱਕ ਸ਼ਲਾਘਾਯੋਗ ਤੇ ਦਰੁਸਤ ਫੈਸਲਾ ਦੱਸਿਆ। ਮੁੱਖ ਸੇਵਾਦਾਰ ਚੁਣੇ ਜਾਣ ਉਪਰੰਤ ਪ੍ਰਿੰਸੀਪਲ ਭੰਡਾਰੀ ਨੇ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਦਿਆਂ ਆਖਿਆ ਕਿ ਜੋ ਸੇਵਾ ਵਾਲੀ ਜਿੰਮੇਵਾਰੀ ਮੈਂਬਰਾਂ ਤੇ ਸੰਗਤਾਂ ਨੇ ਉਹਨਾਂ ਦੇ ਮੋਢਿਆਂ ਦੇ ਪਾਈ ਹੈ ਉਸ ਸੇਵਾ ਨੂੰ ਉਹ ਪੂਰੀ ਤਨਦੇਹੀ ਨਾਲ ਮੈਂਬਰਾਂ ਦੇ ਸਹਿਯੋਗ ਨਾਲ ਨਿਭਾਉਣਗੇ। ਇਸ ਮੌਕੇ ਉਹਨਾਂ ਮੈਂਬਰਾਂ ਨੂੰ ਜਿੰਮੇਵਾਰੀਆਂ ਵੰਡਦਿਆਂ ਹਰਦੇਵ ਸਿੰਘ ਬੋਬੀ ਰਾਵਲਪਿੰਡੀ ਵਾਲੇ ਨੂੰ ਜਨਰਲ ਸਕੱਤਰ, ਜਥੇਦਾਰ ਕੁਲਬੀਰ ਸਿੰਘ ਸਨਾ ਚੇਅਰਮੈਨ, ਉਜਲ ਸਿੰਘ ਸਰਪ੍ਰਸਤ, ਤਰਲੋਕ ਸਿੰਘ ਸਿਡਾਨਾ ਸੀਨੀਅਰ ਮੀਤ ਪ੍ਰਧਾਨ, ਗੁਰਚਰਨ ਸਿੰਘ ਚੱਡਾ ਵਾਈਸ ਚੇਅਰਮੈਨ, ਇਕਬਾਲ ਸਿੰਘ ਨਾਗੀ ਅਤੇ ਗਗਨਦੀਪ ਸਿੰਘ ਸਰਨਾ ਮੀਤ ਪ੍ਰਧਾਨ, ਸੁਖਵਿੰਦਰ ਸਿੰਘ ਆਸੂ ਜੂਨੀਅਰ ਮੀਤ ਪ੍ਰਧਾਨ, ਗੁਰਪ੍ਰੀਤ ਸਿੰਘ ਮੱਕੜ ਸਹਾਇਕ ਸਕੱਤਰ, ਕਾਕੂ ਕੋਹਲੀ ਸਟੋਰ ਕੀਪਰ, ਦੀਪ ਇੰਦਰ ਸਿੰਘ ਭੰਡਾਰੀ ਪ੍ਰਮੁੱਖ ਸਲਾਹਕਾਰ, ਚਰਨਜੀਤ ਸਿੰਘ ਸਰਨਾ, ਰਵਿੰਦਰ ਪਾਲ ਸਿੰਘ ਭੰਡਾਰੀ, ਰਵਿੰਦਰ ਪਾਲ ਸਿੰਘ ਮੈਦ, ਪਵਨਦੀਪ ਸਿੰਘ ਸਾਜਨ, ਅਜੀਤ ਸਿੰਘ ਮਗਲਾਨੀ, ਹਰਵਿੰਦਰ ਸਿੰਘ ਹੈਪੀ ਮੈਂਬਰ ਵਜੋਂ ਸੇਵਾਵਾਂ ਨਿਭਾਉਣਗੇ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਮੋਰੀ ਗੇਟ ਦੀ ਕੈਬਨਟ ਨੂੰ ਵਧਾਈ ਦਿੰਦਿਆਂ ਸੰਗਤਾਂ ਦੇ ਫੈਸਲੇ ਨੂੰ ਦਰੁਸਤ ਦੱਸਿਆ।

ਅਕਾਲ ਅਕੈਡਮੀ ਵਿਖੇ ਟ੍ਰੈਫਿਕ ਨਿਯਮਾਂ ਸੰਬੰਧੀ ਦਿੱਤੀ ਜਾਣਕਾਰੀ

ਗਿੱਦੜਬਹਾ (ਜਸਵੰਤ ਗਿੱਲ ਛੱਤਿਆਣਾ)-ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਸਫਲਤਾ ਪੂਰਵਕ ਚਲਾਏ ਜਾ ਰਹੇ ਵਿੱਦਿਅਕ ਅਦਾਰੇ ਅਕਾਲ ਅਕੈਡਮੀ ਦੌਲਾ ਵਿਖੇ ਪ੍ਰਿੰਸੀਪਲ ਸੁਖਵਿੰਦਰ ਕੌਰ ਦੀ ਅਗਵਾਈ 'ਚ ਵਿਦਿਆਰਥੀਆਂ ਨੂੰ ਸੜਕ ਦੁਰਘਟਨਾਵਾਂ ਤੋਂ ਬਚਣ ਲਈ ਟ੍ਰੈਫਿਕ ਨਿਯਮਾਂ ਸੰਬੰਧੀ ਜਾਣਕਾਰੀ ਦੇਣ ਲਈ ਟ੍ਰੈਫਿਕ ਪੁਲਸ ਵੱਲੋਂ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਏ ਐਸ ਆਈ ਹਰਮੰਦਰ ਸਿੰਘ ਨੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਲਈ ਪ੍ਰੇਰਿਤ ਕਰਦੇ ਹੋਏ ਬੱਚਿਆਂ ਨੂੰ ਟ੍ਰੈਫਿਕ ਨਿਯਮਾਂ ਬਾਰੇ ਦੱਸਦਿਆਂ ਹੈਲਮਟ, ਸੀਟ ਬੈਲਟ ਅਤੇ ਵਾਹਨ ਚਾਲਕਾਂ ਦੀ ਉਮਰ ਸੰਬੰਧੀ ਤੇ ਉਹਨਾਂ ਨੇ ਸੜਕ 'ਤੇ ਪੈਦਲ ਚੱਲਣ ਸਮੇਂ ਸੜਕ ਨਿਯਮਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਗੁਰਪ੍ਰੀਤ ਕੌਰ ਅਤੇ ਮਨਪ੍ਰੀਤ ਕੌਰ ਵੱਲੋਂ ਵਿੱਦਿਆਰਥੀਆਂ ਨੂੰ ਮੋਬਾਇਲ ਦੁਆਰਾ ਹੋਣ ਵਾਲੇ ਨੁਕਸਾਨਾਂ ਤੋਂ ਜਾਣੂ ਕਰਵਾਇਆ, ਟ੍ਰੈਫਿਕ ਅਤੇ ਨਸ਼ਿਆਂ ਤੋਂ ਹੋਣ ਵਾਲੇ ਨੁਕਸਾਨ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਸੈਮੀਨਾਰ ਦੌਰਾਨੇ ਆਏ ਹੋਏ ਮਹਿਮਾਨਾਂ ਦਾ ਪ੍ਰਿੰਸੀਪਲ ਸੁਖਵੰਦਰ ਕੌਰ ਤੇ ਸਟਾਫ ਵੱਲੋਂ ਸਵਾਗਤ ਕੀਤਾ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕੁਲਵਿੰਦਰ ਸਿੰਘ, ਅਰਵਿੰਦਰ ਸਿੰਘ ਖਾਲਸਾ, ਹਰਜਿੰਦਰ ਸਿੰਘ ਪੀ ਟੀ ਆਈ, ਅਨਿਲ ਕੁਮਾਰ, ਅਤੁਲ ਕੁਮਾਰ, ਇੰਦਰਜੀਤ ਕੌਰ, ਅਮਨਦੀਪ ਕੌਰ, ਰਮਨਦੀਪ ਕੌਰ, ਮਨਦੀਪ ਕੌਰ ਸਿੱਧੂ, ਜਰਨੈਲ ਸਿੰਘ, ਵਿੰਮੀ ਮੋਂਗਾ, ਹਰਪ੍ਰੀਤ ਕੌਰ, ਬਬੀਤਾ, ਗਗਨਪ੍ਰੀਤ ਕੌਰ, ਜਸਮੂਰਤ ਕੌਰ ਅਤੇ ਗੁਰਦੀਪ ਸਿੰਘ ਆਦਿ ਹਾਜ਼ਰ ਸਨ।

ਕਾਤਰਾਂ

ਕੁਲਵੰਤ ਸਿੰਘ ਆਈ ਏ ਐਸ ਨੇ ਡਿਪਟੀ ਕਮਿਸ਼ਨਰ ਲੁਧਿਆਣਾ ਦਾ ਵਾਧੂ ਚਾਰਜ ਸੰਭਾਲਿਆ

ਲੁਧਿਆਣਾ (ਜੱਸਦੀਪ ਵਰਤੀਆਂ)-2012 ਬੈਚ ਦੇ ਆਈ ਏ ਐਸ ਅਧਿਕਾਰੀ ਮੋਗਾ ਦੇ ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਡਿਪਟੀ ਕਮਿਸ਼ਨਰ ਲੁਧਿਆਣਾ ਵਜੋਂ ਵਾਧੂ ਚਾਰਜ ਸੰਭਾਲ ਲਿਆ ਹੈ। ਉਹ ਡਿਪਟੀ ਕਮਿਸ਼ਨਰ ਲੁਧਿਆਣਾ ਸੁਰਭੀ ਮਲਿਕ, ਆਈ ਏ ਐਸ ਦੇ ਛੁੱਟੀ ਦੇ ਸਮੇਂ ਦੌਰਾਨ ਲੁਧਿਆਣਾ ਪ੍ਰਸ਼ਾਸਨ ਦੀ ਅਗਵਾਈ ਕਰਨਗੇ। ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪੁੱਜੇ ਜਿੱਥੇ ਉਨ੍ਹਾਂ ਆਪਣਾ ਵਾਧੂ ਚਾਰਜ ਸੰਭਾਲ ਲਿਆ। ਉਨ੍ਹਾਂ ਦਾ ਲੁਧਿਆਣਾ ਪ੍ਰਸ਼ਾਸਨ ਦੀ ਸਮੁੱਚੀ ਟੀਮ ਸਮੇਤ ਵਧੀਕ ਡਿਪਟੀ ਕਮਿਸ਼ਨਰ ਮੇਜਰ ਅਮਿਤ ਸਰੀਨ, ਐਸ ਡੀ ਐਮ ਵਿਕਾਸ ਹੀਰਾ, ਸਹਾਇਕ ਕਮਿਸ਼ਨਰ ਉਪਿੰਦਰਜੀਤ ਕੌਰ ਬਰਾੜ ਅਤੇ ਹੋਰ ਅਧਿਕਾਰੀਆਂ ਵੱਲੋਂ ਸਵਾਗਤ ਕੀਤਾ ਗਿਆ।

ਸਾਈਬਰ ਕੈਫੇ ਦੀ ਵਰਤੋਂ ਵੇਲੇ ਪਛਾਣ ਪੱਤਰ ਲੈਣਾ ਲਾਜ਼ਮੀ ਕਰਾਰ

ਬਰਨਾਲਾ (ਰਾਜਿੰਦਰ ਬਰਾੜ, ਰਾਕੇਸ਼ ਨੀਟਾ)-ਜ਼ਿਲ੍ਹਾ ਮੈਜਿਸਟਰੇਟ ਬਰਨਾਲਾ ਸ਼੍ਰੀਮਤੀ ਪੂਨਮਦੀਪ ਕੌਰ ਨੇ ਜ਼ਿਲ੍ਹੇ ਦੇ ਸਾਈਬਰ ਕੈਫੇ ਮਾਲਕਾਂ ਲਈ ਹੁਕਮ ਜਾਰੀ ਕਰਦਿਆਂ ਹਦਾਇਤ ਕੀਤੀ ਹੈ ਕਿ ਅਣਜਾਣ ਵਿਅਕਤੀ ਨੂੰ ਬਿਨਾਂ ਪਛਾਣ ਪੱਤਰ ਦੇ ਸਾਈਬਰ ਕੈਫੇ ਵਰਤਣ ਦੀ ਇਜਾਜ਼ਤ ਨਾ ਦਿੱਤੀ ਜਾਵੇ। ਉਨ੍ਹਾਂ ਹਦਾਇਤ ਕੀਤੀ ਕਿ ਸਾਇਬਰ ਕੈਫੇ ਦੀ ਵਰਤੋਂ ਕਰਨ ਵਾਲੇ ਹਰੇਕ ਵਿਅਕਤੀ ਦਾ ਰਿਕਾਰਡ ਰੱਖਣ ਲਈ ਵਿਸ਼ੇਸ਼ ਰਜਿਸਟਰ ਲਗਾਇਆ ਜਾਵੇ ਅਤੇ ਹਰੇਕ ਆਉਣ ਵਾਲੇ ਵਿਅਕਤੀ ਲਈ ਜ਼ਰੂਰੀ ਹੋਵੇਗਾ ਕਿ ਉਹ ਆਪਣਾ ਨਾਮ, ਪਤਾ, ਟੈਲੀਫੋਨ ਨੰਬਰ ਸਮੇਤ ਮੰਤਵ ਰਜਿਸਟਰ 'ਚ ਆਪਣੇ ਹੱਥ ਨਾਲ ਇੰਦਰਾਜ ਕਰੇਗਾ ਅਤੇ ਹਸਤਾਖਰ ਕਰਨੇ ਵੀ ਲਾਜ਼ਮੀ ਹੋਣਗੇ। ਕੈਫੇ ਦੀ ਵਰਤੋਂ ਕਰਨ ਵਾਲੇ ਵਿਅਕਤੀ ਦੀ ਪਛਾਣ ਕੈਫੇ ਮਾਲਕ ਵੱਲੋਂ ਉਸਦੇ ਪਹਿਚਾਣ ਪੱਤਰ, ਵੋਟਰ ਕਾਰਡ, ਡਰਾਈਵਿੰਗ ਲਾਇਸੈਂਸ, ਪਾਸਪੋਰਟ ਅਤੇ ਫੋਟੋ ਕਰੈਡਿਟ ਕਾਰਡ ਨਾਲ ਕੀਤੀ ਜਾਵੇਗੀ। ਕੈਫੇ ਵਿੱਚ ਆਉਣ ਵਾਲੇ ਕਿਸੇ ਵਿਅਕਤੀ 'ਤੇ ਸ਼ੱਕ ਹੋਣ 'ਤੇ ਕੈਫੇ ਮਾਲਕ ਤੁਰੰਤ ਪੁੱਲਸ ਨੂੰ ਸੂਚਿਤ ਕਰੇਗਾ। ਇਹ ਹੁਕਮ 27 ਜਨਵਰੀ 2024 ਤੱਕ ਲਾਗੂ ਰਹਿਣਗੇ।

ਗ੍ਰਾਮੀਣ ਡਾਕ ਸੇਵਕ ਯੂਨੀਅਨ ਵੱਲੋਂ ਮੰਗਾਂ ਨੂੰ ਲੈ ਕੇ ਅਣਮਿੱਥੇ ਸਮੇਂ ਲਈ ਹੜਤਾਲ ਦਾ ਫ਼ੈਸਲਾ

ਮਲੋਟ (ਗੁਰਮੀਤ ਸਿੰਘ ਮੱਕੜ)-ਸੈਂਟਰਲ ਹੈੱਡਕੁਆਟਰ (ਦਿੱਲੀ) ਦੇ ਸੱਦੇ 'ਤੇ ਆਲ ਇੰਡੀਆ ਗ੍ਰਾਮੀਣ ਡਾਕ ਸੇਵਕ ਇੰਪ. ਯੂਨੀਅਨ ਵਲੋਂ ਆਪਣੀਆਂ ਮੰਗਾਂ ਨੂੰ ਲੈ ਕੇ 12 ਦਸੰਬਰ ਤੋਂ ਅਣਮਿੱਥੇ ਸਮੇਂ ਹੜਤਾਲ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਯੂਨੀਅਨ ਦੇ ਡਿਵੀਜ਼ਨ ਸਕੱਤਰ ਮਨਜੀਤ ਸਿੰਘ, ਡਿਵੀਜ਼ਨ ਪ੍ਰਧਾਨ ਬਲਜੀਤ ਸਿੰਘ ਨੇ ਦੱਸਿਆ ਕਿ ਆਲ ਇੰਡੀਆ ਗ੍ਰਾਮੀਣ ਸੇਵਕ ਯੂਨੀਅਨ ਵੱਲੋਂ ਅਣਮਿੱਥੇ ਸਮੇਂ ਲਈ ਹੜਤਾਲ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਅਤੇ ਡਾਕ ਵਿਭਾਗ ਵਲੋਂ ਲੰਮੇਂ ਸਮੇਂ ਤੋਂ ਲਟਕਦੀਆਂ ਉਨ੍ਹਾਂ ਦੀਆਂ ਮੰਗਾਂ ਨੂੰ ਦਰਕਿਨਾਰ ਕੀਤਾ ਜਾ ਰਿਹਾ ਹੈ। ਇਸ ਮੌਕੇ ਕੰਵਲਜੀਤ ਸਿੰਘ ਭੋਲਾ, ਧਰਮਿੰਦਰ ਸਿੰਘ, ਗੁਰਨਾਮ ਸਿੰਘ ਆਦਿ ਹਾਜ਼ਰ ਸਨ।

ਤਿੰਨ ਸਟੇਟਾਂ 'ਚ ਭਾਜਪਾ ਦੀ ਸਰਕਾਰ ਬਣਨ 'ਤੇ ਲੱਡੂ ਵੰਡੇ

ਰਾਮਪੁਰਾ ਫੂਲ (ਦਰਸਨ ਜਿੰਦਲ)-ਭਾਰਤੀ ਜਨਤਾ ਪਾਰਟੀ ਦੇ ਸਟੇਟ ਕਮੇਟੀ ਮੈਂਬਰ ਭਾਰਤ ਭੂਸ਼ਨ ਗਰਗ, ਸਟੇਟ ਕਮੇਟੀ ਮੈਂਬਰ ਵਿਵੇਕ ਗਰਗ, ਭਾਜਪਾ ਮੰਡਲ ਪ੍ਰਧਾਨ ਭਾਰਤ ਭੂਸ਼ਨ ਜੈਨ, ਜਿਲ੍ਹਾ ਜਨਰਲ ਸਕੱਤਰ ਮੇਜਰ ਸਿੰਘ ਅਤੇ ਮੰਡਲ ਜਨਰਲ ਸਕੱਤਰ ਨਾਜਰ ਸਿੰਘ ਵੱਲੋਂ ਤਿੰਨ ਸਟੇਟਾਂ 'ਚ ਭਾਜਪਾ ਦੀ ਸਰਕਾਰ ਬਣਨ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਉਹਨਾਂ ਨੇ ਕਿਹਾ ਇਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋ ਘਰ ਘਰ ਦਿਤੀਆਂ ਲੋਕ ਭਲਾਈ ਸਕੀਮਾਂ ਦਾ ਨਤੀਜਾ ਹੈ। ਉਹਨਾਂ ਕਿਹਾ 2024 ਲੋਕ ਸਭਾ ਚੋਣਾਂ 'ਚ ਵੀ ਇਹੀ ਜਾਦੂ ਚਲੇਗਾ। ਇਸ ਮੌਕੇ ਉਹਨਾਂ ਵੱਲੋਂ ਲੱਡੂ ਵੰਡ ਕੇ ਖੁਸ਼ੀ ਸਾਂਝੀ ਕੀਤੀ ਗਈ।

ਸਿਰਸਾ ਵਾਸੀਆਂ ਵੱਲੋਂ ਨਗਰ ਨਿਗਮ ਦੇ ਅਧਿਕਾਰੀਆਂ 'ਤੇ ਭ੍ਰਿਸ਼ਟਾਚਾਰ ਦੇ ਦੋਸ਼

ਸਿਰਸਾ (ਸੁਰਿੰਦਰ ਪਾਲ ਸਿੰਘ)

ਹਰਿਆਣਾ ਦੇ ਸਿਰਸਾ 'ਚ ਨਗਰ ਕੌਂਸਲ 'ਚ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਹੋ ਰਹੇ ਭ੍ਰਿਸ਼ਟਾਚਾਰ ਦੀ ਜਾਂਚ ਦੀ ਮੰਗ ਨੂੰ ਲੈ ਕੇ ਮਿੰਨੀ ਸਕੱਤਰੇਤ ਵਿਖੇ ਧਰਨੇ 'ਤੇ ਬੈਠੇ ਸ਼ਹਿਰ ਵਾਸੀਆਂ ਨੇ ਧਰਨੇ ਵਾਲੀ ਥਾਂ 'ਤੇ ਸੁਖਮਨੀ ਸਾਹਿਬ ਦੇ ਪਾਠ ਦੌਰਾਨ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਵੀ ਪਾਠ 'ਚ ਸ਼ਾਮਲ ਹੋਣ ਲਈ ਸੱਦਾ ਪੱਤਰ ਭੇਜਿਆ ਪਰ ਕੋਈ ਅਧਿਕਾਰੀ ਨਹੀਂ ਆਇਆ।ਰੋਸ਼ ਧਰਨੇ 'ਤੇ ਬੈਠੇ ਗੁਰਲਾਲ ਸਿੰਘ ਦਾ ਕਹਿਣਾ ਹੈ ਕਿ ਇਸ ਸੁਖਮਨੀ ਸਾਹਿਬ ਦੇ ਪਾਠ ਕਰਨ ਦਾ ਮਕਸਦ ਇਹ ਕਿ ਸ਼ਹਿਰ ਦੇ ਵਿਕਾਸ ਲਈ ਨਿਯੁਕਤ ਕੀਤੇ ਅਧਿਕਾਰੀ ਬੇਈਮਾਨੀ ਦੀ ਬਜਾਏ ਇਮਾਨਦਾਰੀ ਨਾਲ ਆਪਣੀ ਡਿਊਟੀ ਕਰਕੇ ਸ਼ਹਿਰ ਦਾ ਵਿਕਾਸ ਕਰਨ। ਉਨ੍ਹਾਂ ਕਿਹਾ ਕਿ ਸਰਕਾਰ ਅਤੇ ਪ੍ਰਸ਼ਾਸਨ ਦੇ ਨੱਕ

6-Dec-PAGE-11-Majha-23.qxd 12/5/2023 11:12 PM Page 1

ਮਜ਼ਦੂਰ ਜਥੇਬੰਦੀਆਂ ਵੱਲੋਂ ਮੰਤਰੀਆਂ ਦੇ ਘਰਾਂ ਨੂੰ ਘੇਰਨ ਦਾ ਐਲਾਨ

ਗਹਿਰੀ ਮੰਡੀ ਜੰਡਿਆਲਾ (ਮਨਜੀਤ ਸਿੰਘ ਭੰਗੂ)-ਮਜ਼ਦੂਰਾਂ ਦੀਆਂ ਹੱਕੀ ਮੰਗਾਂ ਅਤੇ ਮਸਲਿਆਂ ਨੂੰ ਹੱਲ ਕਰਵਾਉਣ ਲਈ ਸੰਘਰਸ਼ਸ਼ੀਲ ਨੌਂ ਮਜ਼ਦੂਰ ਜਥੇਬੰਦੀਆਂ ਵੱਲੋਂ ਪੇਂਡੂ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਦਾ ਸਾਂਝਾ ਮੋਰਚਾ ਬਣਾਇਆ ਹੋਇਆ ਹੈ। ਇਸ ਮੋਰਚੇ ਵੱਲੋਂ ਸੰਘਰਸ਼ ਵਿੱਚ ਤੇਜ਼ੀ ਲਿਆਉਣ ਅਤੇ ਮੰਗਾਂ ਪ੍ਰਤੀ ਸਰਕਾਰ 'ਤੇ ਦਬਾਅ ਬਣਾਉਣ ਲਈ 19 ਨਵੰਬਰ ਨੂੰ ਜ਼ੋਨਲ ਪੱਧਰੀ ਸਾਂਝੀਆਂ ਕਨਵੈਨਸ਼ਨਾਂ ਕੀਤੀਆਂ ਗਈਆਂ ਸਨ। ਹੁਣ ਅਗਲੀ ਕੜੀ ਵਜੋਂ 9, 10 ਅਤੇ 11 ਦਸੰਬਰ ਨੂੰ ਮੰਤਰੀਆਂ ਦੇ ਘਰਾਂ ਦਾ ਘਿਰਾਓ ਕੀਤਾ ਜਾਵੇਗਾ। ਇਸ ਤੋਂ ਪਹਿਲਾਂ 2 ਦਸੰਬਰ ਨੂੰ ਮਜ਼ਦੂਰ ਮੰਗਾਂ ਮਸਲਿਆਂ ਸਬੰਧੀ ਮੰਤਰੀਆਂ ਨੂੰ 16 ਮੰਗਾਂ ਦਾ ਮੰਗ ਚਾਰਟ ਦਿੱਤਾ ਜਾ ਚੁੱਕਾ ਹੈ ਪਰ ਹਰਭਜਨ ਸਿੰਘ ਜੰਡਿਆਲਾ ਗੁਰੂ ਬਿਜਲੀ ਮੰਤਰੀ ਵੱਲੋਂ ਮੰਗ ਪੱਤਰ ਨਾ ਲੈਣ ਆਉਣ ਕਾਰਨ ਉਸ ਦੇ ਦਫਤਰ ਦੀ ਕੰਧ 'ਤੇ ਚਿਪਕਾ ਦਿੱਤਾ ਗਿਆ ਸੀ। ਘਿਰਾਓ ਸਬੰਧੀ ਜਾਣਕਾਰੀ ਦਿੰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਨਿਰਮਲ ਸਿੰਘ ਛੱਜਲਵੱਡੀ ਨੇ ਕਿਹਾ ਕਿ ਜੰਡਿਆਲਾ ਗੁਰੂ ਵਿਖੇ ਹਰਭਜਨ ਸਿੰਘ ਮੰਤਰੀ ਸਾਹਿਬ ਦੇ ਘਰ ਦੇ ਮੂਹਰੇ ਤਿੰਨ ਦਿਨ ਧਰਨਾ ਚਲੇਗਾ ਤਾਂ ਜੋ ਮਜ਼ਦੂਰਾਂ ਦੀਆਂ ਬਿਲਕੁਲ ਜਾਇਜ਼ ਮੰਗਾਂ ਨੂੰ ਮੰਨਣ ਲਈ ਭਗਵੰਤ ਮਾਨ ਸਰਕਾਰ ਦਾ ਧਿਆਨ ਕੇਂਦਰਿਤ ਕਰਵਾਇਆ ਜਾ ਸਕੇ। ਕਾਮਰੇਡ ਨਿਰਮਲ ਸਿੰਘ ਛੱਜਲਵੱਡੀ ਦੀ ਮੰਤਰੀ ਸਾਹਿਬ ਨੂੰ ਅਪੀਲ ਹੈ ਕਿ ਧਰਨੇ ਵਿੱਚ ਪਹੁੰਚ ਕੇ ਕਿਰਤੀ ਲੋਕਾਂ ਦੀ ਗੱਲ ਸੁਣਨ। ਜੇ ਉਹ ਅਜਿਹਾ ਨਹੀਂ ਕਰਦੇ ਤਾਂ ਮੋਰਚਾ ਮੌਕੇ 'ਤੇ ਕੋਈ ਤਿੱਖਾ ਐਕਸ਼ਨ ਕਰ ਸਕਦਾ ਹੈ।

ਵਿਕਸਿਤ ਭਾਰਤ ਸੰਕਲਪ ਯਾਤਰਾ ਨੌਸ਼ਹਿਰਾ ਪੰਨੂੰਆਂ ਤੋਂ ਰਵਾਨਾ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਕੇਂਦਰ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਦਾ ਸਿੱਧਾ ਲਾਭ ਵੱਧ ਤੋਂ ਵੱਧ ਲਾਭਪਾਤਰੀਆਂ ਤੱਕ ਪਹੁੰਚਾਉਣ ਦੀ ਸੋਚ ਨਾਲ ਤਰਨਤਾਰਨ ਦੇ ਨੌਸ਼ਹਿਰਾ ਪੰਨੂੰਆਂ ਤੋਂ 'ਵਿਕਸਿਤ ਭਾਰਤ ਸੰਕਲਪ ਯਾਤਰਾ' ਨੂੰ ਹਰੀ ਝੰਡੀ ਦੇ ਕੇ ਡਿਪਟੀ ਕਮਿਸ਼ਨਰ ਸੰਦੀਪ ਕੁਮਾਰ ਅਤੇ ਭਾਰਤੀ ਜਨਤਾ ਪਾਰਟੀ ਦੇ ਜ਼ਿਲਾ ਪ੍ਰਧਾਨ ਹਰਜੀਤ ਸਿੰਘ ਸੰਧੂ ਵੱਲੋਂ ਰਵਾਨਾ ਕੀਤਾ ਗਿਆ। ਜ਼ਿਲਾ ਪ੍ਰਧਾਨ ਹਰਜੀਤ ਸਿੰਘ ਸੰਧੂ ਨੇ ਕੇਂਦਰ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਅਤੇ ਸੂਚਨਾ ਸਮੱਗਰੀ ਅਤੇ ਲਘੂ ਫਿਲਮਾਂ ਪ੍ਰਦਰਸ਼ਿਤ ਕਰਨ ਵਾਲੀਆਂ ਐੱਲਈਡੀ ਨਾਲ ਲੈਸ ਪੰਜ ਵੈਨਾਂ ਦੇ ਕਾਫਲੇ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਹ ਵੈਨਾਂ ਨਿਰਧਾਰਤ ਪ੍ਰੋਗਰਾਮ (ਸ਼ਡਿਊਲ) ਅਨੁਸਾਰ ਜ਼ਿਲ੍ਹੇ ਦੇ ਸਾਰੇ ਪਿੰਡਾਂ ਦਾ ਦੌਰਾ ਕਰਨਗੀਆਂ। ਉਨ੍ਹਾਂ ਕਿਹਾ ਕਿ 'ਵਿਕਸਿਤ ਭਾਰਤ ਸੰਕਲਪ ਯਾਤਰਾ' ਦਾ ਮੁੱਖ ਉਦੇਸ਼ ਆਖਰੀ ਵਿਅਕਤੀ (ਲਾਭਪਾਤਰੀ) ਤੱਕ ਪਹੁੰਚਾਉਣਾ ਅਤੇ ਉਸ ਨੂੰ ਉਸਦੀ ਯੋਗਤਾ ਅਨੁਸਾਰ ਕੇਂਦਰ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਜਿਵੇਂ ਉੱਜਵਲਾ ਯੋਜਨਾ, ਆਯੂਸ਼ਮਾਨ ਭਾਰਤ, ਪ੍ਰਧਾਨ ਮੰਤਰੀ ਜਨ ਧਨ ਯੋਜਨਾ ਆਦਿ ਦਾ ਮੌਕੇ 'ਤੇ ਹੀ ਲਾਭ ਉਪਲਬਧ ਕਰਵਾਉਣਾ ਹੈ।

ਉਨ੍ਹਾਂ ਕਿਹਾ ਕਿ ਇਸ ਯਾਤਰਾ ਵਿੱਚ ਸ਼ਾਮਲ ਹੋਣ ਵਾਲੇ ਹਰੇਕ ਲੋਕ ਸੇਵਕ ਦਾ ਫਰਜ਼ ਬਣਦਾ ਹੈ ਕਿ ਉਹ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਕੇਂਦਰ ਸਰਕਾਰ ਦੀਆਂ ਵੱਖ-ਵੱਖ ਅਹਿਮ ਸਕੀਮਾਂ ਬਾਰੇ ਜਾਣੂ ਕਰਵਾਉਣ ਹੈ ਤਾਂ ਜੋ ਲਾਭਪਾਤਰੀਆਂ ਦਾ ਜੀਵਨ ਪੱਧਰ ਉਨ੍ਹਾਂ ਦੀ ਬਿਹਤਰੀ ਲਈ ਬਦਲ ਸਕੇ।

ਪੁਰਾਣਾ ਸ਼ਾਲਾ ਬਿਜਲੀ ਮੁਲਾਜ਼ਮਾਂ ਨੇ ਕੀਤੀ ਮੁਕੰਮਲ ਹੜਤਾਲ

ਗੁਰਦਾਸਪੁਰ, (ਜਨਕ ਮਹਾਜਨ)-ਜੁਆਇੰਟ ਫੋਰਮ ਪੰਜਾਬ ਦੇ ਸੱਦੇ 'ਤੇ ਮੁਲਾਜ਼ਮਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਲਾਗੂ ਕਰਵਾਉਣ ਲਈ ਪੁਰਾਣਾ ਸ਼ਾਲਾ ਸਬ ਡਵੀਜ਼ਨ ਵਿਚ ਰਣਜੀਤ ਸਿੰਘ ਟੋਨਾ ਦੀ ਪ੍ਰਧਾਨਗੀ ਹੇਠ ਬਿਜਲੀ ਮੁਲਾਜ਼ਮਾਂ ਵਲੋਂ ਮੁਕੰਮਲ ਹੜਤਾਲ ਕੀਤੀ ਗਈ। ਇਸ ਮੌਕੇ ਬਿਜਲੀ ਮੁਲਾਜ਼ਮਾਂ ਨੇ ਪੰਜਾਬ ਸਰਕਾਰ ਖ਼ਿਲਾਫ਼ ਭੜਾਸ ਕੱਢਦਿਆਂ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਸਮੇਂ ਚੇਅਰਮੈਨ ਪਾਵਰਕਾਮ ਤੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਵੀ ਕੀਤੀ ਗਈ। ਇਸ ਮੌਕੇ ਪ੍ਰਿਤਪਾਲ ਸਿੰਘ, ਗੁਰਪ੍ਰੀਤ ਸਿੰਘ, ਇੰਜ. ਗੁਰਦੇਵ ਸਿੰਘ ਆਦਿ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਹਿਲਾਂ ਹੋਈ ਮੀਟਿੰਗ ਵਿਚ ਚੇਅਰਮੈਨ ਪਾਵਰਕਾਮ ਪਟਿਆਲਾ ਜੁਆਇੰਟ ਫੋਰਮ ਪੰਜਾਬ ਨੇ ਮੰਗ ਨੂੰ ਮੰਨ ਕੇ ਉਨ੍ਹਾਂ ਨੂੰ ਲਾਗੂ ਨਹੀਂ ਕੀਤਾ ਗਿਆ ਜਿਸ ਕਰਕੇ ਬਿਜਲੀ ਮੁਲਾਜ਼ਮਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਰਣਜੀਤ ਸਿੰਘ ਟੋਨਾ ਨੇ ਕਿਹਾ ਕਿ ਜੇਕਰ 9, 16, 23 ਸਾਲਾਂ ਸਕੇਲ ਜੋ ਬੰਦ ਪਏ ਹਨ, ਤੁਰੰਤ ਚਾਲੂ ਨਾ ਕੀਤੇ, ਡੀ. ਏ. ਦੀਆਂ ਕਿਸ਼ਤਾਂ, ਉਨ੍ਹਾਂ ਦਾ ਏਰੀਅਰ ਨਾ ਦਿੱਤਾ ਤਾਂ ਤਿੱਖਾ ਸੰਘਰਸ਼ ਸ਼ੁਰੂ ਕੀਤਾ ਜਾਵੇਗਾ ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਚੇਅਰਮੈਨ ਦੀ ਹੋਵੇਗੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਰਿੰਦਰ ਸਿੰਘ ਸੈਣੀ, ਈਰਾ ਦੇਵੀ, ਅਨੂਪ ਕੁੰਮਾ, ਸੁਰਿੰਦਰ ਲਾਡੀ, ਗੁਰਦਿਆਲ ਸਿੰਘ, ਦਵਿੰਦਰ ਸਿੰਘ, ਬਲਜੀਤ ਸਿੰਘ ਆਦਿ ਹਾਜ਼ਰ ਸਨ।

ਪਾਕਿਸਤਾਨੀ ਦੁਲਹਨ ਜਾਵੇਰਿਆ ਖ਼ਾਨਮ ਭਾਰਤ ਪਹੁੰਚੀ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਪਿਛਲੇ ਪੰਜ ਸਾਲਾਂ ਤੋਂ ਆਪਣੇ ਭਾਰਤੀ ਮੰਗੇਤਰ ਨਾਲ ਵਿਆਹ ਕਰਵਾਉਣ ਦਾ ਇੰਤਜ਼ਾਰ ਕਰ ਰਹੀ ਕਰਾਚੀ ਦੀ ਰਹਿਣ ਵਾਲੀ ਜਾਵੇਰਿਆ ਵਾਹਗਾ ਸਰਹੱਦ ਰਾਹੀਂ ਭਾਰਤ ਪਹੁੰਚ ਗਈ। ਉਸ ਦੇ ਮੰਗੇਤਰ ਸਮੀਰ ਖ਼ਾਂ ਨੇ ਵਾਹਗਾ ਸਰਹੱਦ ਨੇੜੇ ਉਸ ਦਾ ਸਵਾਗਤ ਕੀਤਾ ਅਤੇ ਫੁੱਲਾਂ ਦਾ ਗੁਲਦਸਤਾ ਭੇਟ ਕੀਤਾ। ਭਾਰਤ ਦੀ ਸਰਜ਼ਮੀਨ ਵਿੱਚ ਕਦਮ ਰੱਖਦੇ ਹੀ ਉਸ ਨੇ ਖ਼ੁਦਾ ਦਾ ਸ਼ੁਕਰ ਅਦਾ ਕੀਤਾ ਕਿ ਉਸ ਦਾ ਸੁਪਨਾ ਪੂਰਾ ਹੋਣ ਜਾ ਰਿਹਾ ਹੈ। ਜਾਵੇਰਿਆ ਖ਼ਾਨਮ ਨੇ ਭਾਰਤ ਸਰਕਾਰ ਅਤੇ ਮੀਡੀਆ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਦੇ ਸਹਿਯੋਗ ਨਾਲ ਅੱਜ ਉਹ ਭਾਰਤ ਪਹੁੰਚ ਗਈ ਹੈ। ਉਨ੍ਹਾਂ ਭਾਰਤੀ ਪੱਤਰਕਾਰ ਮਕਬੂਲ ਅਹਿਮਦ ਵਾਸੀ ਕਾਦੀਆਂ ਦਾ ਵਿਸ਼ੇਸ਼ ਤੌਰ ਤੇ ਸ਼ੁਕਰੀਆ ਅਦਾ ਕਰਦਿਆਂ ਕਿਹਾ ਕਿ ਅੱਜ ਉਨ੍ਹਾਂ ਦੇ ਸਹਿਯੋਗ ਦੇ ਚੱਲਦਿਆਂ ਉਸ ਦਾ ਸੁਪਨਾ ਪੂਰਾ ਹੋ ਰਿਹਾ ਹੈ।

ਸਮੀਰ ਨੇ ਦੱਸਿਆ ਕਿ ਵਿਆਹ ਤੋਂ ਬਾਅਦ 6 ਜਨਵਰੀ 2024 ਨੂੰ ਉਹ ਵਿਆਹ ਦੀ ਪਾਰਟੀ ਰੱਖ ਰਹੇ ਹਨ। ਇਸ ਮੌਕੇ ਕੋਲਕਾਤਾ ਤੋਂ ਸਮੀਰ ਦੇ ਪਿਤਾ ਕਮਾਲ ਖ਼ਾਨ ਅਤੇ ਚਾਚਾ ਇਜਲਾਲ ਖਾਨ ਮੌਜੂਦ ਸਨ।

ਐੱਸ ਡੀ ਓ ਲਖਬੀਰ ਸਿੰਘ ਨੇ ਸਬ-ਡਵੀਜ਼ਨ ਮਜੀਠਾ-2 ਦਾ ਅਹੁਦਾ ਸੰਭਾਲਿਆ

ਮਜੀਠਾ (ਸੋਇਮ ਆਨੰਦ)-ਮਜੀਠਾ ਪਾਵਰਕੌਮ ਦੇ ਨਵ-ਨਿਯੁਕਤ ਐੱਸਡੀਓ ਇੰਜੀਨੀਅਰ ਲਖਬੀਰ ਸਿੰਘ ਨੇ ਸਬ ਡਵੀਜ਼ਨ ਮਜੀਠਾ -2 ਦਾ ਅਹੁਦਾ ਸੰਭਾਲ ਲਿਆ। ਜ਼ਿਕਰਯੋਗ ਹੈ ਕਿ ਸਬ ਡਵੀਜ਼ਨ ਮਜੀਠਾ -2 ਦੇ ਐੱਸਡੀਓ ਰਜੀਵ ਕੁਮਾਰ ਬੀਤੇ ਦਿਨੀਂ ਸੇਵਾ ਮੁਕਤ ਹੋ ਗਏ ਸਨ। ਨਵ-ਨਿਯੁਕਤ ਐੱਸਡੀਓ ਇੰਜੀ: ਲਖਬੀਰ ਸਿੰਘ ਨੂੰ ਅਹੁਦਾ ਸੰਭਾਲਣ ਮੌਕੇ ਸਬ-ਡਵੀਜ਼ਨ ਮਜੀਠਾ -1 ਦੇ ਸੀਨੀਅਰ ਕਾਰਜਕਾਰੀ ਇੰਜੀਨੀਅਰ ਸੁਖਜਿੰਦਰ ਸਿੰਘ ਤੇ ਸਮੂਹ ਸਟਾਫ ਵੱਲੋਂ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਸ਼ੁਭ ਇੱਛਾਵਾਂ ਦੇ ਕੇ ਜੀ ਆਇਆਂ ਆਖਿਆ। ਐੱਸਡੀਓ ਲਖਬੀਰ ਸਿੰਘ ਨੇ ਕਿਹਾ ਕਿ ਮਹਿਕਮੇ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਨਾਲ ਨਿਭਾਉਣਗੇ ਤੇ ਕਿਸੇ ਵੀ ਬਿਜਲੀ ਖਪਤਕਾਰ ਨੂੰ ਬਿਜਲੀ ਸਬੰਧੀ ਕਿਸੇ ਕਿਸਮ ਦੀ ਕੋਈ ਵੀ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਇੰਜੀਨੀਅਰ ਸੁਖਜਿੰਦਰ ਸਿੰਘ ਤੇ ਲਖਬੀਰ ਸਿੰਘ ਨਾਲ ਇੰਜੀ: ਸੁਖਪਾਲ ਸਿੰਘ, ਇੰਜੀ: ਬਲਜਿੰਦਰ ਸਿੰਘ, ਇੰਜੀ: ਦਿਲਬਾਗ ਸਿੰਘ, ਇੰਜੀ: ਕੁੰਦਨ ਲਾਲ, ਇੰਜੀ: ਕ੍ਰਿਸ਼ਨ ਸਿੰਘ ਔਲਖ, ਕੁੰਨਣ ਸਿੰਘ, ਇਜੀ: ਸੁਖਦੇਵ ਸਿੰਘ, ਲਖਵਿੰਦਰ ਸਿੰਘ ਆਰ ਏ ਸਮੇਤ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

ਗੁ. ਅਮਰ ਸ਼ਹੀਦ ਬਾਬਾ ਜੀਵਨ ਸਿੰਘ ਵਿਖੇ ਗੁੰਬਦ ਬਣ ਕੇ ਤਿਆਰ

ਝਬਾਲ (ਹਰਜਿੰਦਰ ਸਿੰਘ ਸੋਨੀ)-ਪਿੰਡ ਝਬਾਲ ਕਲਾਂ ਗੁਰਦੁਆਰਾ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਪੱਕਾ ਕਿਲਾ ਵਿਖੇ ਪਿਛਲੇ ਤਿੰਨ ਮਹੀਨਿਆਂ ਤੋਂ ਗੁਰਦਆਰਾ ਸਾਹਿਬ ਉੱਪਰ ਗੁੰਬਦ ਦੀ ਸੇਵਾ ਚੱਲ ਰਹੀ ਸੀ। ਇਹ ਗੁੰਬਦ ਇਲਾਕੇ ਅਤੇ ਨਗਰ ਦੀ ਸੰਗਤ ਦੇ ਸਹਿਯੋਗ ਨਾਲ ਬਣ ਕੇ ਤਿਆਰ ਹੋ ਗਿਆ ਹੈ ਅਤੇ ਗੁਰੂ ਕ੍ਰਿਪਾ ਸਦਕਾ ਤਿਆਰ ਹੋਏ ਗੁੰਬਦ ਦੇ ਉੱਪਰ ਕਲਸ਼ ਵੀ ਚੜ੍ਹਾ ਦਿੱਤਾ ਗਿਆ ਹੈ। ਆਉਣ ਵਾਲੇ ਸਮੇਂ ਵਿੱਚ ਹੋਰ ਗੁੰਬਦ ਉੱਪਰ ਚੀਨੀ ਟਾਇਲ ਲਗਾ ਕੇ ਹੋਰ ਸਜਾਵਟ ਕੀਤੀ ਜਾਵੇਗੀ। ਇਹ ਜਾਣਕਾਰੀ ਗੁਰਦੁਆਰਾ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਦੇ ਗ੍ਰੰਥੀ ਹਰਜੀਤ ਸਿੰਘ ਵੱਲੋਂ ਦਿੱਤੀ ਗਈ। ਨਾਲ ਹੀ ਗ੍ਰੰਥੀ ਸਿੰਘ ਨੇ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਗੁਰੂ ਘਰ ਵਿੱਚ ਚੱਲ ਰਹੀਆਂ ਸੇਵਾਵਾਂ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਉਣ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਣ। ਇਸ ਮੌਕੇ ਹੋਰ ਵੀ ਸੇਵਾਦਾਰ ਸੰਗਤਾਂ ਹਾਜ਼ਰ ਸਨ।

ਰਾਜ ਪੱਧਰੀ ਸਾਇੰਸ ਮੁਕਾਬਲੇ ਦੇ ਜੇਤੂ ਵਿਦਿਆਰਥੀ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਪਿਛਲੇ ਦਿਨੀਂ ਡੀਏਵੀ ਕਾਲਜ, ਜਲੰਧਰ ਵਿਖੇ ਰਾਜ ਪੱਧਰੀ ਅੰਤਰ-ਸਕੂਲ ਟੈਲੇਂਟ ਕਨਕਲੇਵ 2023 ਅਧੀਨ ਵਿਗਿਆਨ ਨਾਲ ਸੰਬੰਧਤ ਕਈ ਮੁਕਾਬਲੇ ਕਰਵਾਏ ਗਏ ਜਿਨ੍ਹਾਂ ਦਾ ਮਕਸਦ ਵਿਦਿਆਰਥੀਆਂ ਦੀ ਤਰਕ ਸ਼ਕਤੀ ਵਿੱਚ ਵਾਧਾ ਕਰਨਾ ਸੀ। ਇਸ ਰਾਜ ਪੱਧਰੀ ਮੁਕਾਬਲੇ ਵਿੱਚ ਪੂਰੇ ਪੰਜਾਬ ਦੇ ਕਈ ਸਕੂਲਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਮੁਕਾਬਲੇ ਕਠਿਨ ਹੋਣ ਦੇ ਬਾਵਜੂਦ ਵੀ ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ, ਗੋਇੰਦਵਾਲ ਸਾਹਿਬ ਦੇ ਵਿਦਿਆਰਥੀ ਹਰਮਨਪ੍ਰੀਤ ਕੌਰ ਸਪੁੱਤਰੀ ਸੰਜੀਵ ਸਿੰਘ ਅਤੇ ਅਰਸ਼ਦੀਪ ਸਿੰਘ ਸਪੁੱਤਰ ਬਲਵਿੰਦਰ ਸਿੰਘ ਨੇ ਪੋਸਟਰ ਬਣਾਉਣ ਵਿੱਚ ਅਤੇ ਅਲੀਸ਼ਾ ਸਪੁੱਤਰੀ ਜਤਿੰਦਰ ਕੁਮਾਰ ਨੇ ਸਾਇੰਸ ਪ੍ਰਸ਼ਨੋਤਰੀ ਮੁਕਾਬਲੇ ਵਿੱਚ ਦੂਸਰਾ ਸਥਾਨ ਪ੍ਰਾਪਤ ਕਰਕੇ ਪੂਰੇ ਰਾਜ ਵਿੱਚ ਆਪਣੇ ਸਕੂਲ ਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ। ਇਸ ਮੌਕੇ ਆਪਣੀ ਖੁਸ਼ੀ ਜ਼ਾਹਰ ਕਰਦਿਆਂ ਸੰਸਥਾ ਦੇ ਡਾਇਰੈਕਟਰ ਜਤਿੰਦਰਪਾਲ ਸਿੰਘ ਰੰਧਾਵਾ ਅਤੇ ਸਕੂਲ ਦੇ ਪ੍ਰਿੰਸੀਪਲ ਮਨੀਸ਼ਾ ਸੂਦ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਹਮੇਸ਼ਾ ਮਿਹਨਤ ਸਦਕਾ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ।

ਕਿਸਾਨ ਜਥੇਬੰਦੀ ਵੱਲੋਂ ਪਿੰਡ ਸਭਰਾਂ 'ਚ ਪੰਦਰਵਾੜਾ ਮੀਟਿੰਗ

ਪੱਟੀ (ਬਲਦੇਵ ਸਿੰਘ ਸੰਧੂ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਪੱਟੀ ਜ਼ੋਨ ਦੇ ਪਿੰਡ ਸਭਰਾਂ ਦੀ ਮੀਟਿੰਗ ਗੁਰਦੁਆਰਾ ਬਾਬਾ ਕਾਹਨ ਸਿੰਘ ਦੇ ਸਥਾਨ 'ਤੇ ਗੁਰਦਿਆਲ ਸਿੰਘ, ਬਲਕਾਰ ਸਿੰਘ ਦੋਧੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾਂ ਪੱਟੀ ਜ਼ੋਨ ਆਗੂ ਜੁਗਰਾਜ ਸਿੰਘ ਰਾਜਸਥਾਨੀ ਅਤੇ ਦਲੇਰ ਸਿੰਘ ਸਭਰਾ ਨੇ ਕਿਹਾ ਭਾਜਪਾ ਵੱਲੋਂ ਚਾਰ ਸੂਬਿਆਂ ਵਿਚ ਹੋਈ ਜਿੱਤ ਦੀ ਖੁਸ਼ੀ ਮਨਾਈ ਜਾ ਰਹੀ ਹੈ। ਕੂੜ ਪ੍ਰਚਾਰ ਕੀਤਾ ਜਾ ਰਿਹਾ ਅਤੇ ਝੂਠ ਦਾ ਸਹਾਰਾ ਲੈ ਕਿ ਪੰਜਾਬ ਤੇ ਭਾਜਪਾ ਕਾਬਜ਼ ਹੋਣਾ ਚਾਹੁੰਦੀ ਹੈ ਪਰ ਪੰਜਾਬ ਦੇ ਲੋਕ ਭਾਜਪਾ ਸਰਕਾਰ ਦੀਆਂ ਨੀਤੀਆਂ ਤੋਂ ਚੰਗੀ ਤਰ੍ਹਾਂ ਜਾਣੂ ਹਨ ਕਿਉਂਕਿ ਭਾਜਪਾ ਸਰਕਾਰ ਕਾਰਪੋਰੇਟ ਘਰਾਣਿਆਂ ਦੀ ਸਰਕਾਰ ਹੈ। ਕਾਰਪੋਰੇਟ ਘਰਾਣਿਆਂ ਨੂੰ ਹੀ ਮੁਨਾਫਾ ਦੇਣਾ ਚਾਹੁੰਦੀ ਹੈ। ਕਿਸਾਨ ਆਗੂਆਂ ਨੇ ਕਿਹਾ ਭਾਜਪਾ ਸਰਕਾਰ ਡਾ. ਸਵਾਮੀਨਾਥਨ ਕਮਿਸ਼ਨ ਰਿਪੋਰਟ ਲਾਗੂ ਕਰੇ ਅਤੇ ਸੂਬਿਆਂ ਦੇ ਬਣਦੇ ਹੱਕ ਸੂਬਿਆਂ ਨੂੰ ਦੇਵੇ, ਲਖੀਮਪੁਰ ਖੀਰੀ ਦੇ ਦੋਸ਼ੀਆਂ ਨੂੰ ਜੇਲ੍ਹਾਂ ਵਿੱਚ ਬੰਦ ਕੀਤਾ ਜਾਵੇ। ਦਿੱਲੀ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ/ਮਜ਼ਦੂਰਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਅਤੇ ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਭਾਜਪਾ ਸਰਕਾਰ ਕਿਸੇ ਹਾਲਤ ਵਿੱਚ ਮਨਜ਼ੂਰ ਨਹੀਂ। ਇਸ ਮੌਕੇ ਦਲੀਪ ਸਿੰਘ, ਬਲਵੰਤ ਸਿੰਘ, ਕਾਲੂ ਸਿੰਘ, ਪਾਲ ਸਿੰਘ, ਅਜੀਤ ਸਿੰਘ, ਪਰਗਾਮ ਸਿੰਘ, ਤਰਲੋਕ ਸਿੰਘ, ਹਰਜੀਤ ਸਿੰਘ, ਬਲਵਿੰਦਰ ਸਿੰਘ, ਬਲਵੀਰ ਸਿੰਘ, ਮੁਖਤਿਆਰ ਸਿੰਘ, ਗੁਰਦਿਆਲ ਸਿੰਘ, ਪ੍ਰਗਟ ਸਿੰਘ, ਰੇਸ਼

6-Dec-PAGE-9.qxd 12/5/2023 11:22 PM Page 2

ਕਾਮਰੇਡ ਭਗਵਾਨ ਸਿੰਘ ਅਣਖੀ ਜੀ ਦੇ ਸ਼ਰਧਾਂਜਲੀ ਸਮਾਗਮ 'ਤੇ ਵਿਸ਼ੇਸ

ਸੰਦੇਸ਼

ਮਰਹੂਮ ਆਗੂ ਕਾਮਰੇਡ ਭਗਵਾਨ ਸਿੰਘ ਅਣਖੀ ਦੀ 32ਵੀਂ ਬਰਸੀ ਸਮੇਂ ਵਿਸ਼ੇਸ਼ ਸਪਲੀਮੈਂਟ ਕੱਢਿਆ ਜਾ ਰਿਹਾ ਹੈ। ਜਥੇਬੰਦੀ ਮਜ਼ਦੂਰ, ਮੁਲਾਜ਼ਮ ਜਮਾਤ ਦੇ ਮਸੀਹਾ ਨੂੰ ਹਰ ਸਾਲ ਬਰਸੀ ਮਨਾ ਕੇ ਯਾਦ ਕਰਦੀ ਆ ਰਹੀ ਹੈ। ਅਣਖੀ ਜੋ ਆਲ ਇੰਡੀਆ ਫੈਡਰੇਸ਼ਨ ਆਫ਼ ਇਲੈਕਟਰੀਸਿਟੀ ਇੰਪਲਾਈਜ਼ ਦਾ ਵੀ ਆਗੂ ਸੀ ਅਤੇ ਏਟਕ ਦਾ ਵੀ ਸਿਰਮੌਰ ਆਗੂ ਸੀ। ਪੀ ਐਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਕਾਮਰੇਡ ਅਣਖੀ ਦੇ ਪਾਏ ਪੂਰਨਿਆਂ 'ਤੇ ਚੱਲ ਕੇ ਕੇਂਦਰ ਜਾਂ ਸੂਬੇ ਦੇ ਕਿਰਤੀਆਂ ਦੇ ਸੰਘਰਸ਼ ਹੋਣ ਉਸ ਵਿੱਚ ਮੋਹਰੀ ਰੋਲ ਅਦਾ ਕਰ ਰਹੀ ਹੈ ਐਫ ਈ ਦਾ ਜਨਰਲ ਸਕੱਤਰ ਹੋਣ ਦੇ ਨਾਤੇ ਸਾਥੀ ਅਣਖੀ ਨੂੰ ਲਾਲ ਸਲਾਮ ਕਰਦੇ ਹੋਏ ਸ਼ਰਧਾਂਜਲੀ ਭੇਟ ਕਰਦੇ ਹਾਂ ਅਤੇ ਜਥੇਬੰਦੀ ਦੀ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਦੀ ਕਾਮਨਾ ਵੀ ਕਰਦੇ ਹਾਂ।

- ਮੋਹਨ ਸ਼ਰਮਾ
ਆਲ ਇੰਡੀਆ ਜਨਰਲ ਸਕੱਤਰ ਐਫ ਈ

ਸੰਦੇਸ਼

ਕਾਮਰੇਡ ਅਣਖੀ ਮਹਾਨ ਟਰੇਡ ਯੂਨੀਅਨ ਉਸਰੱਈਆ, ਪੱਕੇ ਇਰਾਦੇ ਵਾਲਾ ਅਣਥੱਕ ਯੋਧਾ ਸੀ। ਨਵਾਂ ਕੇਡਰ ਤੇ ਲੀਡਰਸ਼ਿਪ ਪੈਦਾ ਕਰਨਾ, ਉਸ ਨੂੰ ਪਰਪੱਕ ਕਰਨਾ ਅਤੇ ਫੇਰ ਉਸ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨਾ ਅਣਖੀ ਦੇ ਮਹਾਨ ਗੁਣਾਂ ਵਿੱਚੋਂ ਇੱਕ ਖਾਸ ਗੁਣ ਸੀ। ਮਜ਼ਦੂਰ ਹਿੱਤਾਂ ਲਈ ਜ਼ਿੰਦਗੀ ਦੇ ਆਖਰੀ ਸਾਹ ਤੱਕ ਲੜਨ ਵਾਲਾ ਕੁਰਬਾਨੀ ਦਾ ਪੁੰਜ ਸਾਥੀ ਅਣਖੀ ਮਜ਼ਦੂਰ ਜਮਾਤ ਲਈ ਅਕਹਿ ਸੰਕਟ ਅਤੇ ਸੰਘਰਸ਼ਾਂ ਸਮੇਂ 15 ਅਗਸਤ 1991 ਨੂੰ ਮਜ਼ਦੂਰ ਸਮਾਤ ਨੂੰ ਸਦਾ ਲਈ ਵਿਛੋੜਾ ਦੇ ਗਿਆ। ਦੇਸ਼ ਦੀ ਆਜ਼ਾਦੀ ਵਾਲਾ ਖੁਸ਼ੀਆਂ ਭਰਿਆ ਦਿਨ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਤੇ ਮਜ਼ਦੂਰ ਜਮਾਤ ਲਈ ਦੁੱਖਦਾਈ ਅਤੇ ਹਨੇਰੇ ਭਰਿਆ ਦਿਨ ਬਣ ਕੇ ਰਹਿ ਗਿਆ। ਉਸ ਮਹਾਨ ਸ਼ਖਸੀਅਤ ਦੀ ਮੌਤ ਨਾਲ ਪਿਆ ਮਜ਼ਦੂਰ ਜਮਾਤ ਨੂੰ ਘਾਟਾ ਕਿਸੇ ਤਰ੍ਹਾਂ ਵੀ ਪੂਰਾ ਨਹੀਂ ਹੋ ਸਕਦਾ। ਉਸ ਦੇ ਦਰਸਾਏ ਰਾਹ ਅਤੇ ਸੋਚ 'ਤੇ ਚਲਣਾ ਹੀ ਉਸ ਮਹਾਨ ਯੋਧੇ ਨੂੰ ਯਾਦ ਕਰਦੇ ਹੋਏ 32ਵੀਂ ਬਰਸੀ ਮੌਕੇ ਸੱਚੀ ਸ਼ਰਧਾਂਜਲੀ ਹੋਵੇਗੀ।

- ਬੰਤ ਬਰਾੜ
ਪ੍ਰਧਾਨ ਪੰਜਾਬ ਏਟਕ

ਸੰਦੇਸ਼

ਸਾਥੀ ਅਣਖੀ ਜੀ ਪੰਜਾਬ ਰਾਜ ਬਿਜਲੀ ਬੋਰਡ ਇੰਪਲਾਈਜ਼ ਫੈਡਰੇਸ਼ਨ ਏਟਕ ਦੇ ਹੀ ਮੰਨੇ-ਪ੍ਰਮੰਨੇ ਆਗੂ ਨਹੀਂ ਸਨ, ਸਗੋਂ ਉਹ ਸਮੁੱਚੀ ਮਜ਼ਦੂਰ ਜਮਾਤ ਵੱਲੋਂ ਪ੍ਰਵਾਨਤ ਆਗੂ ਸਨ। ਉਨ੍ਹਾ ਦੇ ਕੰਮ ਲਗਨ, ਦ੍ਰਿੜ੍ਹਤਾ, ਇਮਾਨਦਾਰੀ ਦੀ ਧਾਕ ਵਿਰੋਧੀ ਵੀ ਮੰਨਦੇ ਸਨ। ਉਨ੍ਹਾ ਜਿੱਥੇ ਮਜ਼ਦੂਰ ਜਮਾਤ ਨੂੰ ਅਗਵਾਈ ਦਿੱਤੀ, ਉਥੇ ਉਹ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਲਈ ਵੀ ਡਟੇ ਰਹੇ। ਉਹ ਹਮੇਸ਼ਾ ਦੱਬੇ-ਕੁਚਲੇ ਲੋਕਾਂ ਦੀ ਆਵਾਜ਼ ਬਣੇ, ਫਿਰਕਾਪ੍ਰਸਤੀ ਵਿਰੋਧੀ ਸਟੈਂਡ ਲੈਂਦੇ ਰਹੇ। ਪੰਜਾਬ, ਪੰਜਾਬੀਅਤ ਲਈ ਹਰ ਕੁਰਬਾਨੀ ਲਈ ਤਿਆਰ ਰਹੇ। ਬਾਈ ਨਛੱਤਰ ਸਿੰਘ ਧਾਲੀਵਾਲ ਪ੍ਰਧਾਨ ਟਰਾਂਸਪੋਰਟ ਵਰਕਰਜ਼ ਯੂਨੀਅਨ ਦੀ ਸ਼ਹਾਦਤ ਦਾ ਸਦਮਾ ਅਜੇ ਮਜ਼ਦੂਰ ਜਮਾਤ ਹੰਢਾ ਹੀ ਰਹੀ ਸੀ ਤਾਂ ਉਤੋਂ 15 ਅਗਸਤ 1991 ਦੇ ਮਨਹੂਸ ਦਿਨ ਮੌਤ ਦੇ ਖੂਨੀ ਪੰਜਿਆਂ ਨੇ ਸਾਥੀ ਅਣਖੀ ਜੀ ਨੂੰ ਆ ਦਬੋਚਿਆ। ਆਪਣੀ ਲੰਮੀ ਬਿਮਾਰੀ ਦੇ ਸਮੇਂ ਵੀ ਸਾਥੀ ਅਣਖੀ ਜੀ ਆਪਣੀ ਜਥੇਬੰਦੀ ਨੂੰ ਸੇਧ ਦਿੰਦੇ ਰਹੇ। ਉਨ੍ਹਾ ਦੇ ਸਦੀਵੀ ਵਿਛੋੜੇ ਨਾਲ ਉਨ੍ਹਾਂ ਦੀ ਆਪਣੀ ਜਥੇਬੰਦੀ ਅਤੇ ਏਟਕ ਨੂੰ ਅਣ-ਪੂਰਿਆ ਘਾਟਾ ਪਿਆ ਹੈ। ਫਿਰ ਵੀ ਮਜ਼ਦੂਰ ਜਮਾਤ ਅਤੇ ਫੈਡਰੇਸ਼ਨ ਏਟਕ ਪੰਜਾਬ ਆਪਣੇ ਮਹਾਨ ਆਗੂ ਦੀਆਂ ਸੇਧਾਂ ਲੈਂਦੀ ਹੋਈ ਸੰਘਰਸ਼ਾਂ ਵਿੱਚ ਮੋਹਰੀ ਰੋਲ ਅਦਾ ਕਰ ਰਹੀ ਹੈ। ਅੱਜ 32ਵੀਂ ਬਰਸੀ 'ਤੇ ਏਟਕ ਪੰਜਾਬ ਕਾਮਰੇਡ ਅਣਖੀ ਨੂੰ ਸ਼ਰਧਾਂਜਲੀ ਭੇਟ ਕਰਦੀ ਹੋਈ ਮਾਣ ਮਹਿਸੂਸ ਕਰਦੀ ਹੈ।

- ਨਿਰਮਲ ਸਿੰਘ ਧਾਲੀਵਾਲ
ਜਨਰਲ ਸਕੱਤਰ ਏਟਕ ਪੰਜਾਬ

ਸੰਦੇਸ਼

ਸਾਥੀ ਅਣਖੀ ਜੀ ਦੀ 32ਵੀਂ ਬਰਸੀ 'ਤੇ ਉਨ੍ਹਾ ਦੇ ਸੰਘਰਸ਼ਾਂ ਅਤੇ ਪ੍ਰਾਪਤੀਆਂ ਦੀ ਬਹੁਤ ਯਾਦ ਆਉਂਦੀ ਹੈ। ਅੱਜ ਸਮੇਂ ਦੀਆਂ ਸਰਕਾਰਾਂ ਅਤੇ ਮੈਨੇਜਮੈਂਟ ਮਜ਼ਦੂਰ ਜਥੇਬੰਦੀਆਂ ਦੇ ਸੰਘਰਸ਼ਾਂ/ ਲੜਾਈਆਂ ਨੂੰ ਅੱਖੋਂ-ਪਰੋਖੇ ਕਰਕੇ ਸਮਝੌਤੇ ਕਰਕੇ ਲਗਾਤਾਰ ਮੁਲਾਜ਼ਮ ਵਿਰੋਧੀ ਕਾਰਵਾਈਆਂ ਕਰ ਰਹੀਆਂ ਹਨ, ਪਰ ਅਣਖੀ ਜੀ ਦੀ ਅਗਵਾਈ ਵਿੱਚ ਉਸ ਸਮੇਂ ਸਾਰੇ ਹਿੰਦੁਸਤਾਨ ਨਾਲੋਂ ਵੱਖਰੀਆਂ ਪ੍ਰਾਪਤੀਆਂ ਕਰਕੇ ਮਿਸਾਲ ਕਾਇਮ ਕੀਤੀ ਗਈ। ਅੱਜ ਦੇ ਸਮੇਂ ਵਿੱਚ ਸਾਥੀ ਭਗਵਾਨ ਸਿੰਘ ਅਣਖੀ ਨੂੰ ਇਹੀ ਸੱਚੀ ਸ਼ਰਧਾਂਜਲੀ ਹੋਵੇਗੀ ਕਿ ਲੀਡਰਸ਼ਿਪ ਨਿੱਧੜਕ ਹੋ ਕੇ ਸੰਘਰਸ਼ ਨੂੰ ਲਾਮਬੰਦ ਕਰੇ ਅਤੇ ਕਾਮਰੇਡ ਅਣਖੀ ਜੀ ਦੇ ਪਾਏ ਪੂਰਨਿਆਂ 'ਤੇ ਚੱਲ ਕੇ ਜਥੇਬੰਦੀ ਨੂੰ ਹੋਰ ਮਜ਼ਬੂਤ ਕਰੇ, ਇਹੋ ਹੀ ਕਾਮਰੇਡ ਭਗਵਾਨ ਸਿੰਘ ਅਣਖੀ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਕਾਮਰੇਡ ਭਗਵਾਨ ਸਿੰਘ ਅਣਖੀ ਨੂੰ ਯਾਦ ਕਰਦਿਆਂ ਲਾਲ ਸਲਾਮ ਕਰਦਾ ਹੋਇਆ ਜਥੇਬੰਦੀ ਦੀ ਬੇਹਤਰੀ ਲਈ ਲਗਨ ਤੇ ਮਿਹਨਤ ਨਾਲ ਕੰਮ ਕਰਨ ਦਾ ਪ੍ਰਣ ਦੁਹਰਾਉਂਦਾ ਹਾਂ।

- ਜਗਰੂਪ ਸਿੰਘ
ਮੁੱਖ ਸਲਾਹਕਾਰ ਰੁਜ਼ਗਾਰ ਪ੍ਰਾਪਤੀ ਮੁਹਿੰਮ

ਸੰਦੇਸ਼

ਸਾਥੀ ਅਣਖੀ ਜੀ ਦੀ ਜਥੇਬੰਦੀ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ, ਜੋ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਉਨ੍ਹਾ ਦੀ 32ਵੀਂ ਬਰਸੀ ਮਨਾ ਰਹੀ ਹੈ, ਇਸ ਸਮੇਂ ਜਥੇਬੰਦੀ ਵੱਲੋਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਮੈਂ ਆਪਣੇ ਉਸ ਨਿਧੜਕ ਆਗੂ ਦੇ ਪਾਏ ਹੋਏ ਪੂਰਨਿਆਂ 'ਤੇ ਚੱਲ ਕੇ ਮੁਲਾਜ਼ਮਾਂ, ਮਜ਼ਦੂਰਾਂ ਅਤੇ ਕਿਸਾਨਾਂ ਦੇ ਹਿੱਤਾਂ ਲਈ ਜਥੇਬੰਦੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ ਦਾ ਪ੍ਰਣ ਕਰਦਾ ਹਾਂ। ਕਾਮਰੇਡ ਭਗਵਾਨ ਸਿੰਘ ਅਣਖੀ ਨੂੰ ਯਾਦ ਕਰਦਿਆਂ ਕੁੱਲ ਹਿੰਦ ਬਿਜਲੀ ਫੈਡਰੇਸ਼ਨ ਐਫ ਈ ਦਾ ਮੈਂਬਰ ਹੋਣ ਦੇ ਨਾਤੇ ਲਾਲ ਸਲਾਮ ਕਰਦਾ ਹੋਇਆ ਜਥੇਬੰਦੀ ਦੀ ਬੇਹਤਰੀ ਲਈ ਲਗਨ ਤੇ ਮਿਹਨਤ ਨਾਲ ਕੰਮ ਕਰਨ ਦਾ ਪ੍ਰਣ ਦੁਹਰਾਉਂਦਾ ਹਾਂ ਅਤੇ ਹਾਕਮ ਜਮਾਤਾਂ ਦੇ ਮਜ਼ਦੂਰ ਵਿਰੋਧੀ ਰਵੱਈਏ ਖਿਲਾਫ਼ ਸੰਘਰਸ਼ਾਂ ਦੇ ਪਿੜ ਮੱਲਣ ਦਾ ਅਹਿਦ ਕਰਦਾ ਹਾਂ। ਇਹ ਹੀ ਅਣਖੀ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

- ਹਰਭਜਨ ਸਿੰਘ ਪਿਲਖਣੀ
ਮੀਤ ਪ੍ਰਧਾਨ, ਐਫ ਈ

ਸੰਦੇਸ਼

ਸਾਥੀ ਅਣਖੀ ਜੀ ਦੀ 32ਵੀਂ ਬਰਸੀ 'ਤੇ ਉਨ੍ਹਾ ਦੇ ਸੰਘਰਸ਼ਾਂ ਅਤੇ ਪ੍ਰਾਪਤੀਆਂ ਦੀ ਬਹੁਤ ਯਾਦ ਆਉਂਦੀ ਹੈ। ਅੱਜ ਸਮੇਂ ਦੀਆਂ ਸਰਕਾਰਾਂ ਅਤੇ ਮੈਨੇਜਮੈਂਟ ਮਜ਼ਦੂਰ ਜਥੇਬੰਦੀਆਂ ਦੇ ਸੰਘਰਸ਼ਾਂ/ ਲੜਾਈਆਂ ਨੂੰ ਅੱਖੋਂ-ਪਰੋਖੇ ਕਰਕੇ ਸਮਝੌਤੇ ਕਰਕੇ ਲਗਾਤਾਰ ਮੁਲਾਜ਼ਮ ਵਿਰੋਧੀ ਕਾਰਵਾਈਆਂ ਕਰ ਰਹੀਆਂ ਹਨ, ਪਰ ਅਣਖੀ ਜੀ ਦੀ ਅਗਵਾਈ ਵਿੱਚ ਉਸ ਸਮੇਂ ਸਾਰੇ ਹਿੰਦੁਸਤਾਨ ਨਾਲੋਂ ਵੱਖਰੀਆਂ ਪ੍ਰਾਪਤੀਆਂ ਕਰਕੇ ਮਿਸਾਲ ਕਾਇਮ ਕੀਤੀ ਗਈ। ਅੱਜ ਦੇ ਸਮੇਂ ਵਿੱਚ ਸਾਥੀ ਭਗਵਾਨ ਸਿੰਘ ਅਣਖੀ ਨੂੰ ਇਹੀ ਸੱਚੀ ਸ਼ਰਧਾਂਜਲੀ ਹੋਵੇਗੀ ਕਿ ਲੀਡਰਸ਼ਿਪ ਨਿੱਧੜਕ ਹੋ ਕੇ ਸੰਘਰਸ਼ ਨੂੰ ਲਾਮਬੰਦ ਕਰੇ ਅਤੇ ਕਾਮਰੇਡ ਅਣਖੀ ਜੀ ਦੇ ਪਾਏ ਪੂਰਨਿਆਂ 'ਤੇ ਚੱਲ ਕੇ ਜਥੇਬੰਦੀ ਨੂੰ ਹੋਰ ਮਜ਼ਬੂਤ ਕਰੇ, ਇਹੋ ਹੀ ਕਾਮਰੇਡ ਭਗਵਾਨ ਸਿੰਘ ਅਣਖੀ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਕਾਮਰੇਡ ਭਗਵਾਨ ਸਿੰਘ ਅਣਖੀ ਨੂੰ ਯਾਦ ਕਰਦਿਆਂ ਲਾਲ ਸਲਾਮ ਕਰਦਾ ਹੋਇਆ ਜਥੇਬੰਦੀ ਦੀ ਬੇਹਤਰੀ ਲਈ ਲਗਨ ਤੇ ਮਿਹਨਤ ਨਾਲ ਕੰਮ ਕਰਨ ਦਾ ਪ੍ਰਣ ਦੁਹਰਾਉਂਦਾ ਹਾਂ।

- ਨਰਿੰਦਰ ਸੈਣੀ
ਡਿਪਟੀ ਜਨਰਲ ਸਕੱਤਰ ਐਫ ਈ

ਸੰਦੇਸ਼

ਸਾਥੀ ਭਗਵਾਨ ਸਿੰਘ ਅਣਖੀ ਦੀ 32ਵੀਂ ਬਰਸੀ ਮਨਾਈ ਜਾ ਰਹੀ ਹੈ। ਕਾਮਰੇਡ ਅਣਖੀ ਮਜ਼ਦੂਰ ਲਹਿਰ ਦੀ ਏਕਤਾ ਦੇ ਹਿਤੈਸ਼ੀ ਸਨ। ਉਹ ਹਰ ਸਮੇਂ ਮਜ਼ਦੂਰ ਲਹਿਰ ਦੇ ਭਵਿੱਖ ਲਈ ਚਿੰਤਤ ਰਹਿੰਦੇ ਸਨ। ਉਨ੍ਹਾ ਦੀ ਅਗਵਾਈ ਵਿੱਚ ਬਿਜਲੀ ਮੁਲਾਜ਼ਮਾਂ ਨੇ ਸਾਰੇ ਹਿੰਦੁਸਤਾਨ ਤੋਂ ਨਿਵੇਕਲਾ ਕਦਮ ਪੱਟਦੇ ਹੋਏ ਆਪਣੇ ਬਿਜਲੀ ਮੁਲਾਜ਼ਮਾਂ ਨੂੰ ਟਾਈਮ ਸਕੇਲ ਲੈ ਕੇ ਦਿੱਤਾ ਤੇ ਪਿਛਲੇ ਲੰਮੇ ਸਮੇਂ ਤੋਂ ਮਜ਼ਦੂਰਾਂ ਦੀਆਂ ਮੰਗਾਂ ਨੂੰ ਮਨਾਉਣ ਵਿੱਚ ਅਹਿਮ ਯੋਗਦਾਨ ਰਿਹਾ। ਉਨ੍ਹਾਂ ਦੀ ਸੋਚ ਮੁਤਾਬਕ ਜਥੇਬੰਦੀ ਦੀ ਪਹਿਲ ਸਦਕਾ ਮੁਲਾਜ਼ਮ ਏਕਤਾ ਮੰਚ ਪੰਜਾਬ ਦੀ ਸਥਾਪਨਾ ਕੀਤੀ ਗਈ, ਜਿਸ ਨੇ ਆਪਣੇ ਹੋਸ਼ੋ-ਹਵਾਸ ਨੂੰ ਕਾਇਮ ਰੱਖਦੇ ਹੋਏ ਤਿੱਖੇ ਸੰਘਰਸ਼ ਰਾਹੀਂ ਪੇ-ਬੈਂਡ ਪ੍ਰਾਪਤ ਕਰਕੇ ਮੁਲਾਜ਼ਮਾਂ ਵਿੱਚ ਆਸ ਦੀ ਕਿਰਨ ਜਗਾਈ ਹੈ ਸੋ ਅੱਜ ਅਣਖੀ ਜੀ ਦੀ ਸੋਚ 'ਤੇ ਚੱਲਦੇ ਹੋਏ ਆਪਣੀ ਜਥੇਬੰਦੀ ਨੂੰ ਹੋਰ ਮਜ਼ਬੂਤ ਕਰਨ ਦਾ ਪ੍ਰਣ ਕਰਦੇ ਹੋਏ ਸੰਘਰਸ਼ਾਂ ਦੇ ਰਾਹ ਚੱਲਣ ਦਾ ਪ੍ਰਣ ਕਰਦੇ ਹਾਂ।

- ਰਾਧੇ ਸ਼ੁਆਮ
ਪ੍ਰਧਾਨ ਪਾਵਰਕਾਮ ਅਤੇ ਟਰਾਂਸਕੋ ਪੈਨਸ਼ਨਰ ਯੂਨੀਅਨ

ਸੰਦੇਸ਼

ਕਾਮਰੇਡ ਭਗਵਾਨ ਸਿੰਘ ਅਣਖੀ ਇੱਕ ਮਿਹਨਤਕਸ਼ ਮੁਲਾਜ਼ਮ ਮਜ਼ਦੂਰਾਂ ਦਾ ਨੇਤਾ ਬਣ ਕੇ ਉਭਰਿਆ ਜਿਸ ਨੇ ਹੱਡ ਭੰਨਵੀਂ ਮਿਹਨਤ ਕਰਕੇ ਪੀ ਐਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਨੂੰ ਮੋਹਰਲੀਆਂ ਕਤਾਰਾਂ ਵਿੱਚ ਖੜ੍ਹਾ ਹੀ ਨਹੀਂ ਕੀਤਾ, ਸਗੋਂ ਫੈਡਰੇਸ਼ਨ ਏਟਕ ਨੇ ਸਾਰੇ ਸੰਘਰਸ਼ਾਂ ਵਿੱਚ ਅਗਵਾਨੂੰ ਰੋਲ ਅਦਾ ਕਰਨ ਦੇ ਯੋਗ ਬਣਾਉਂਦਿਆਂ ਉਨ੍ਹਾਂ ਦੀ ਅਗਵਾਈ ਵਿੱਚ ਜਥੇਬੰਦੀ ਨੇ ਬਹਤੂ ਵੱਡੀਆਂ ਪ੍ਰਾਪਤੀਆਂ ਕੀਤੀਆਂ। ਫੈਡਰੇਸ਼ਨ ਏਟਕ ਨੇ ਇਕੱਲਿਆਂ ਤੌਰ 'ਤੇ ਹੜਤਾਲ ਕਰਕੇ ਬਾਕੀ ਜਥੇਬੰਦੀਆਂ ਨੂੰ ਹੜਤਾਲ ਲਈ ਮਜ਼ਬੂਰ ਕੀਤਾ ਅਤੇ 22/4/89 ਦਾ ਇੱਕ ਅਹਿਮ ਸਮਝੌਤਾ ਕਰਵਾਇਆ ਅਤੇ ਬਿਜਲੀ ਮੁਲਾਜ਼ਮਾਂ ਨੂੰ 9/16 ਸਾਲਾ ਪ੍ਰਾਮੋਸ਼ਨ ਸਕੇਲ ਲੈ ਕੇ ਦਿੱਤਾ। ਉਨ੍ਹਾਂ ਦੀ 32ਵੀਂ ਬਰਸੀ 'ਤੇ ਕਾਮਰੇਡ ਅਣਖੀ ਦੀ ਯਾਦ ਨੂੰ ਤਾਜ਼ਾ ਕਰਦਿਆਂ ਉਨ੍ਹਾ ਦੇ ਰਹਿੰਦੇ ਕੰਮਾਂ ਨੂੰ ਪੂਰਾ ਕਰਨ ਦਾ ਪ੍ਰਣ ਕਰਦਾ ਹੋਇਆ ਅਣਖੀ ਜੀ ਨੂੰ ਲਾਲ ਸਲਾਮ ਕਰਦਾ ਹਾਂ।

- ਅਮਰੀਕ ਸਿੰਘ ਮਸੀਤਾਂ
ਜਨਰਲ ਸਕੱਤਰ ਪਾਵਰਕਾਮ ਅਤੇ ਟਰਾਂਸਕੋ ਪੈਨਸ਼ਨਰ ਯੂਨੀਅਨ

ਸੰਦੇਸ਼

ਕਾਮਰੇਡ ਸੁਖਦੇਵ ਸ਼ਰਮਾ	ਜਗਦੀਸ਼ ਸ਼ਰਮਾ	ਜਸਵੀਰ ਸਿੰਘ	ਕਾਮਰੇਡ ਤਾਰਾ ਸਿੰਘ ਖਹਿਰਾ
ਵਰਕਿੰਗ ਪ੍ਰਧਾਨ ਏਟਕ ਪੰਜਾਬ	ਐਫ ਈ ਆਗੂ	ਐਫ ਈ ਆਗੂ	ਸੂਬਾ ਆਗੂ ਪਾਵਰ ਕੋ ਤੇ ਟਰਾਂਸਕੋ ਪੈਨਸ਼ਨਰ ਯੂਨੀ.

ਕਾ: ਭਗਵਾਨ ਸਿੰਘ ਅਣਖੀ ਜੀ ਦੀ 32ਵੀਂ ਬਰਸੀ ਸਮੇਂ ਅਸੀਂ ਇਹ ਸੰਦੇਸ਼ ਦੇਣਾ ਚਾਹੁੰਦੇ ਹਾਂ ਕਿ ਉਹਨਾਂ ਦੇ ਕੀਤੇ ਉਦਮਾਂ ਤੋਂ ਸਾਨੂੰ ਪ੍ਰੇਰਨਾ ਲੈ ਕੇ ਜਥੇਬੰਦੀ ਅਤੇ ਬਿਜਲੀ ਕਾਮਿਆਂ ਦੇ ਹਿਤਾਂ ਲਈ ਮਿਹਨਤ ਕਰਨੀ ਚਾਹੀਦੀ ਹੈ ਤਾਂ ਜੋ ਪਾਵਰਕਾਮ ਦੀ ਮੈਨੇਜਮੈਂਟ ਅਤੇ ਸਰਕਾਰਾਂ ਤੋਂ ਆਪਣੀਆਂ ਹੱਕੀ ਮੰਗਾਂ ਦੀ ਪ੍ਰਾਪਤੀ ਕਰ ਸਕੀਏ। ਇਹੀ ਸਾਥੀ ਭਗਵਾਨ ਸਿੰਘ ਅਣਖੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਸੰਦੇਸ਼

ਕਰਤਾਰ ਸਿੰਘ ਪ੍ਰਧਾਨ	ਹਰਵਿੰਦਰ ਸਿੰਘ ਲਾਲੂ ਸਕੱਤਰ	ਸੁਖਦੇਵ ਸਿੰਘ ਕੈਸ਼ੀਅਰ	ਚਰਨਜੀਤ ਸਿੰਘ ਜ਼ੋਨ ਆਗੂ
ਸਬ ਅਰਬਨ ਸਰਕਲ ਲੁਧਿਆਣਾ	ਸਬ ਅਰਬਨ ਸ਼ਹਰਕ ਲੁਧਿਆਣਾ	ਸਬ ਅਰਬਨ ਸਰਕਲ ਲੁਧਿਆਣਾ	ਸਰਪ੍ਲਸ ਮੋਟਰ ਜੋਨ ਲੁਧਿਆਣਾ

ਕਾਮਰੇਡ ਭਗਵਾਨ ਸਿੰਘ ਅਣਖੀ ਦੇ ਜਿੰਨਾ ਜਿਊਣਾ ਹਿੱਸੇ ਆਇਆ, ਉਸ ਵਿੱਚ ਉਨ੍ਹਾਂ ਬਿਜਲੀ ਮੁਲਾਜ਼ਮਾਂ ਦੀਆਂ ਮੰਗਾਂ, ਮੁਲਾਜ਼ਮਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਮੈਨੇਜਮੈਂਟ ਨਾਲ ਸੰਘਰਸ਼ ਕੀਤੇ ਅਤੇ ਵਜ਼ਨਦਾਰ ਦਲੀਲਾਂ ਨਾਲ ਮੁਲਾਜ਼ਮਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਮੈਨੇਜਮੈਂਟ ਨਾਲ ਸੰਘਰਸ਼ ਕੀਤੇ ਅਤੇ ਵਜ਼ਨਦਾਰ ਦਲੀਲਾਂ ਨਾਲ ਮੁਲਾਜ਼ਮਾਂ ਦੀਆਂ ਮੰਗਾਂ ਮੰਨਵਾਈਆਂ। ਆਓ, ਸਾਰੇ ਰਲ ਕੇ ਕਾਮਰੇਡ ਭਗਵਾਨ ਸਿੰਘ ਅਣਖੀ ਦੇ ਪੂਰਨਿਆਂ 'ਤੇ ਚੱਲ ਕੇ ਜਥੇਬੰਦੀ ਨੂੰ ਚੜ੍ਹਦੀ ਕਲਾ ਵੱਲ ਲੈ ਕੇ ਜਾਈਏ, ਇਹ ਹੀ ਅਸਲ ਵਿਚ ਸਾਥੀ ਭਗਵਾਨ ਸਿੰਘ ਅਣਖੀ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਸੰਦੇਸ਼

ਨਰਿੰਦਰ ਕੁਮਾਰ ਬੱਲ	ਨਰਿੰਦਰ ਸਿੰਘ ਗਿੱਲ	ਰਕੇਸ਼ ਕੁਮਾਰ	ਜਤਿੰਦਰਪਾਲ ਸਿੰਘ
ਸਰਪ੍ਲਸ ਵਾਚਰ ਜ਼ੋਨ, ਅੰਮ੍ਰਿਤਸਰ	ਪ੍ਰਧਾਨ, ਅੰਮ੍ਰਿਤਸਰ ਦਿਹਾਤੀ	ਕਨਵੀਨਰ, ਵਾਚਰ ਜ਼ੋਨ ਅੰਮ੍ਰਿਤਸਰ	ਕੈਸ਼ੀਅਰ, ਅੰਮ੍ਰਿਤਸਰ ਦਿਹਾਤੀ

ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਵੱਲੋਂ ਆਪਣੇ ਹਰਮਨ-ਪਿਆਰੇ ਆਗੂ ਕਾਮਰੇਡ ਭਗਵਾਨ ਸਿੰਘ ਅਣਖੀ ਜੀ ਦੀ 32ਵੀਂ ਬਰਸੀ ਮਨਾਈ ਜਾ ਰਹੀ ਹੈ। ਇਸ ਮੌਕੇ ਸਾਥੀ ਭਗਵਾਨ ਸਿੰਘ ਅ